Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 111 06/09/2025 www.samajweekly.com samajweekly @samajweekly samajweekly

# ਪੌਂਗ ਡੈਮ ’ਚ ਪਾਣੀ ਸਾਲ ਦੇ ਸਭ ਤੋਂ ਸਿਖਰਲੇ ਪੱਧਰ ’ਤੇ ਪਹੁੰਚਿਆ

### 1,394.51 ਫੁੱਟ ਤੇ ਪੁੱਜਿਆ ਪਾਣੀ; ਕਾਂਗੜਾ ਜ਼ਿਲ੍ਹੇ 'ਚ 621 ਹੈਕਟੇਅਰ ਫਸਲਾਂ ਦਾ ਨੁਕਸਾਨ; ਮੰਡ ਖੇਤਰਾਂ 'ਚ ਬਿਜਲੀ, ਪਾਣੀ ਦੀ ਸਪਲਾਈ ਠੱਪ

**ਚੰਡੀਗੜ੍ਹ।** ਬਿਆਸ ਨਦੀ ਦੇ ਕੈਚਮੈਂਟ ਖੇਤਰਾਂ ਵਿੱਚ ਭਾਰੀ ਮੀਂਹ ਅਤੇ ਪੰਡੋਹ ਡੈਮ ਤੋਂ ਪਾਣੀ ਦੇ ਲਗਾਤਾਰ ਵਹਾਅ ਕਾਰਨ ਕਾਂਗੜਾ ਜ਼ਿਲ੍ਹੇ ਵਿੱਚ ਪੌਂਗ ਡੈਮ ਦਾ ਜਲ ਪੱਧਰ ਵੀਰਵਾਰ ਸਵੇਰ ਨੂੰ 1,394.51 ਫੁੱਟ 'ਤੇ ਪਹੁੰਚ ਗਿਆ, ਜੋ ਇਸ ਸਾਲ ਸਭ ਤੋਂ ਉੱਚਾ ਪੱਧਰ ਹੈ। ਪਾਣੀ ਲਗਾਤਾਰ ਪੰਜਵੇਂ ਦਿਨ ਖ਼ਤਰੇ ਦੇ ਨਿਸ਼ਾਨ 1,390 ਫੁੱਟ ਤੋਂ ਕਾਫੀ ਉੱਪਰ ਹੈ।ਭਾਖੜਾ ਬਿਆਸ ਪ੍ਰਬੰਧਨ ਬੋਰਡ (ਭਭੰਭ) ਦੇ ਅਧਿਕਾਰੀਆਂ ਅਨੁਸਾਰ ਪਾਣੀ ਦਾ ਔਸਤ ਵਹਾਅ 1,32,595 ਕਿਊਸਿਕ ਰਿਹਾ, ਜਦੋਂ ਕਿ ਅਸਲ ਵਹਾਅ 1,07,301 ਕਿਊਸਿਕ ਸੀ। ਵਧਦੇ ਜਲ ਪੱਧਰ ਨੂੰ ਨਿਯੰਤ੍ਰਿਤ ਕਰਨ ਲਈ, ਅਧਿਕਾਰੀਆਂ ਨੇ ਹੇਠਾਂ ਵੱਲ 99,769 ਕਿਊਸਿਕ ਪਾਣੀ ਛੱਡਿਆ, ਜਿਸ ਵਿੱਚ ਸਪਿੱਲਵੇਅ ਰਾਹੀਂ 74,179 ਕਿਊਸਿਕ ਅਤੇ ਟਰਬਾਈਨਾਂ ਰਾਹੀਂ 16,988 ਕਿਊਸਿਕ ਸ਼ਾਮਲ ਹੈ।

ਪਾਣੀ ਦਾ ਔਸਤ ਨਿਕਾਸ 91,167 ਕਿਊਸਿਕ ਰਿਕਾਰਡ ਕੀਤਾ ਗਿਆ ਹੈ।



ਅਧਿਕਾਰੀਆਂ ਨੇ ਕਿਹਾ ਕਿ ਸਥਿਤੀ ਗਤੀਸ਼ੀਲ ਬਣੀ ਹੋਈ ਹੈ ਅਤੇ ਇਸ ਦੀ ਬਾਰੀਕੀ ਨਾਲ ਨਿਗਰਾਨੀ ਕੀਤੀ ਜਾ ਰਹੀ ਹੈ। ਲਗਾਤਾਰ ਵੱਡੇ ਪੱਧਰ ’ਤੇ ਪਾਣੀ ਛੱਡਣ ਕਾਰਨ ਇੰਦੌਰਾ ਅਤੇ ਫਤਿਹਪੁਰ ਸਬ-ਡਿਵੀਜ਼ਨਾਂ ਦੇ ਨੀਵੇਂ ਇਲਾਕਿਆਂ ਵਿੱਚ ਹੜ੍ਹ ਆ ਗਏ ਹਨ, ਜਿਸ ਨਾਲ 621 ਹੈਕਟੇਅਰ ਤੋਂ ਵੱਧ ਝੋਨੇ ਅਤੇ ਮੱਕੀ ਦੀਆਂ ਫਸਲਾਂ ਨੂੰ ਨੁਕ-ਸਾਨ ਪਹੁੰਚਿਆ ਹੈ।

ਖੇਤੀਬਾੜੀ ਵਿਭਾਗ ਨੇ 128.80 ਲੱਖ ਰੁਪਏ ਦੇ ਨੁਕਸਾਨ ਦਾ ਅਨੁਮਾਨ ਲਗਾਇਆ ਹੈ। 218.24 ਹੈਕਟੇਅਰ ਵਿੱਚ ਮੱਕੀ ਦੀ ਫਸਲ ਪ੍ਰਭਾਵਿਤ ਹੋਈ ਹੈ, ਜਿਸ ਨਾਲ 24.56 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਵਿੱਚੋਂ 30 ਹੈਕਟੇਅਰ ਵਿੱਚ 33 ਫੀਸਦੀ ਤੋਂ ਵੱਧ ਨੁਕਸਾਨ ਹੋਇਆ ਹੈ। ਸਭ ਤੋਂ ਵੱਧ ਪ੍ਰਭਾਵਿਤ ਝੋਨਾ ਹੋਇਆ ਹੈ, ਜਿਸ ਵਿੱਚ 382.80 ਹੈਕਟੇਅਰ ਪਾਣੀ ਵਿੱਚ ਡੁੱਬ ਗਿਆ, ਜਿਸ ਦੇ ਨਤੀਜੇ ਵਜੋਂ 95.70 ਲੱਖ ਰੁਪਏ ਦਾ ਅੰਦਾਜ਼ਨ ਨੁਕਸਾਨ ਹੋਇਆ ਹੈ।

ਲਗਪਗ 239 ਹੈਕਟੇਅਰ ਝੋਨੇ ਨੂੰ 33 ਪ੍ਰਤੀਸ਼ਤ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਅਧਿਕਾਰੀਆਂ ਨੇ ਕਿਹਾ ਕਿ ਅੱਗੇ ਦਾ ਮੁਲਾਂਕਣ ਜਾਰੀ ਹੈ, ਅਤੇ ਰਾਹਤ ਕਾਰਜਾਂ ਲਈ ਸੂਬਾ ਸਰਕਾਰ ਨੂੰ ਇੱਕ ਵਿਸਥਾਰਤ ਰਿਪੋਰਟ ਸੌਂਪੀ ਜਾਵੇਗੀ। ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਕਿਸਾਨਾਂ ਨੂੰ ਅਗਲੇਰੀ ਨਿਕਾਸੀ ਲਈ ਚੌਕਸ ਰਹਿਣ ਦੀ ਸਲਾਹ ਦਿੱਤੀ ਗਈ ਹੈ।

**ਮੰਡ ਖੇਤਰਾਂ ਵਿੱਚ ਹੜ੍ਹ ਨਾਲ ਬਿਜਲੀ ਸਪਲਾਈ ਠੱਪ**

ਇੰਦੌਰਾ ਸਬ-ਡਿਵੀਜ਼ਨ ਦੇ ਮੰਡ ਖੇਤਰਾਂ ਵਿੱਚ ਆਏ ਹੜ੍ਹਾਂ ਨੇ ਕਈ ਪਿੰਡਾਂ ਅਤੇ ਮਨੁੱਖੀ ਬਸਤੀਆਂ ਵਿੱਚ ਬਿਜਲੀ ਸਪਲਾਈ ਠੱਪ ਕਰ ਦਿੱਤੀ ਹੈ, ਜਿਸ ਨਾਲ ਵਾਸੀਆਂ ਨੂੰ ਹਨੇਰੇ ਵਿੱਚ ਰਹਿਣਾ ਪੈ ਰਿਹਾ ਹੈ। ਕੁੱਲ 29 ਬਿਜਲੀ ਟਰਾਂਸਫਾਰਮਰ ਅਤੇ ਲਗਭਗ 9 ਤੋਂ 10 ਕਿਲੋਮੀਟਰ ਬਿਜਲੀ ਦੀਆਂ ਤਾਰਾਂ ਨੂੰ ਨੁਕਸਾਨ ਪਹੁੰਚਿਆ ਹੈ। ਬਿਜਲੀ ਬੋਰਡ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਾਣੀ ਦਾ ਪੱਧਰ ਘਟਣ ’ਤੇ ਹੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਬਿਜਲੀ ਸਪਲਾਈ ਠੱਪ ਹੋਣ ਕਾਰਨ ਪਾਣੀ ਦੀਆਂ ਯੋਜਨਾਵਾਂ ਵੀ ਪ੍ਰਭਾਵਿਤ ਹੋਈਆਂ ਹਨ, ਜਿਸ ਨਾਲ ਹੜ੍ਹ ਪ੍ਰਭਾਵਿਤ ਖੇਤਰ ਦੇ ਵਸਨੀਕਾਂ ਲਈ ਮੁਸ਼ਕਲਾਂ ਹੋਰ ਵੀ ਵਧ ਗਈਆਂ ਹਨ।

# ਭਗਵੰਤ ਮਾਨ ਦੀ ਸਿਹਤ ਵਿਗੜੀ, ਹਸਪਤਾਲ ’ਚ ਦਾਖ਼ਲ

**ਚੰਡੀਗੜ੍ਹ।** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅੱਜ ਦੇਰ ਸ਼ਾਮ ਸਿਹਤ ਵਿਗੜ ਗਈ, ਜਿਸ ਮਗਰੋਂ ਉਨ੍ਹਾਂ ਨੂੰ ਫ਼ੌਰੀ ਮੁਹਾਲੀ ਦੇ ਫੋਰਟਿਸ ਹਸਪਤਾਲ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਦੀ ਸਿਹਤ ਠੀਕ ਨਾ ਹੋਣ ਕਾਰਨ ਅੱਜ ਹੋਣ ਵਾਲੀ ਕੈਬਨਿਟ ਮੀਟਿੰਗ ਵੀ ਰੱਦ ਕਰ ਦਿੱਤੀ ਗਈ। ਮੁੱਖ ਮੰਤਰੀ ਆਪਣੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਨਾਲ ਅੱਜ ਦੇਰ ਸ਼ਾਮ ਠੀਕ ਅੱਠ ਵਜੇ ਮੁਹਾਲੀ ਦੇ ਨਿੱਜੀ ਹਸਪਤਾਲ ਪਹੁੰਚੇ। ਡਾਕਟਰਾਂ ਦੀ ਟੀਮ ਨੇ ਫ਼ੌਰੀ ਮੁੱਖ ਮੰਤਰੀ ਦਾ ਇਲਾਜ ਸ਼ੁਰੂ ਕਰ ਦਿੱਤਾ ਅਤੇ ਜਾਣਕਾਰੀ ਮੁਤਾਬਕ ਉਨ੍ਹਾਂ ਨੂੰ ਆਈਸੀਯੂ ’ਚ ਰੱਖਿਆ ਗਿਆ ਹੈ। ਉਹ ਪੈਦਲ ਹਸਪਤਾਲ ਅੰਦਰ ਪਹੁੰਚੇ। ਭਗਵੰਤ ਮਾਨ ਦੋ ਦਿਨਾਂ ਤੋਂ ਬਿਮਾਰ ਸਨ ਅਤੇ ਡਾਕਟਰਾਂ ਦੀ ਟੀਮ ਉਨ੍ਹਾਂ ਦੀ ਰਿਹਾਇਸ਼ ’ਤੇ ਇਲਾਜ ਕਰ ਰਹੀ ਸੀ। ਅੱਜ ਜਦੋਂ ਉਨ੍ਹਾਂ ਦੀ ਸਿਹਤ ’ਚ ਕੋਈ ਖ਼ਾਸ ਸੁਧਾਰ ਨਜ਼ਰ ਨਾ ਆਇਆ ਤਾਂ ਡਾਕਟਰਾਂ ਨੇ ਮੁੱਖ ਮੰਤਰੀ ਨੂੰ ਫ਼ੌਰੀ ਹਸਪਤਾਲ ਭਰਤੀ ਕੀਤੇ ਜਾਣ ਦੀ ਸਲਾਹ ਦਿੱਤੀ। ਰਿਪੋਰਟਾਂ ਅਨੁਸਾਰ ਮੁੱਖ ਮੰਤਰੀ ਪਾਣੀ ਤੋਂ ਪੈਦਾ ਹੋਣ ਵਾਲੇ ਬੈਕਟੀਰੀਆ ਦੀ ਲਾਗ ਤੋਂ ਪੀੜਤ ਹਨ ਜਦੋਂ ਕਿ ਸੂਤਰ ਆਖਦੇ ਹਨ ਕਿ ਮੁੱਖ ਮੰਤਰੀ ਬੁਖ਼ਾਰ ਅਤੇ ਪਾਚਣ ਦੀ ਸਮੱਸਿਆ ਝੱਲ ਰਹੇ ਸਨ। ਡੀਜੀਪੀ ਗੌਰਵ ਯਾਦਵ ਮੁੱਖ ਮੰਤਰੀ ਦਾ ਹਾਲ-ਚਾਲ ਪੁੱਛਣ ਲਈ ਹਸਪਤਾਲ ਪੁੱਜੇ।



ਮੁੱਖ ਮੰਤਰੀ ਭਗਵੰਤ ਮਾਨ ਨੂੰ ਕਰੀਬ ਸਾਲ ਪਹਿਲਾਂ ਵੀ ਸਿਹਤ ਵਿਗੜਨ ਮਗਰੋਂ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਉਹ ਪਿਛਲੇ ਵਰ੍ਹੇ 25 ਸਤੰਬਰ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ’ਚ ਦਾਖ਼ਲ ਹੋਏ ਸਨ ਅਤੇ ਇਲਾਜ ਮਗਰੋਂ ਉਨ੍ਹਾਂ ਨੂੰ 28 ਸਤੰਬਰ ਨੂੰ ਹਸਪਤਾਲ ’ਚੋਂ ਛੁੱਟੀ ਮਿਲੀ ਸੀ। ਮੁੱਖ ਮੰਤਰੀ ਦੀ ਖ਼ਰਾਬ ਸਿਹਤ ਦੇ ਮੱਦੇਨਜ਼ਰ ਸ਼ੁੱਕਰਵਾਰ ਸ਼ਾਮ ਹੋਣ ਵਾਲੀ ਕੈਬਨਿਟ ਦੀ ਅਹਿਮ ਮੀਟਿੰਗ ਰੱਦ ਕਰ ਦਿੱਤੀ ਗਈ। ਪੰਜਾਬ ’ਚ ਹੜ੍ਹਾਂ ਦੇ ਹਾਲਾਤ ਉਨ੍ਹਾਂ ਨਾਲ ਸਿੱਝਣ ਲਈ ਚੱਲ ਰਹੇ ਕਾਰਜਾਂ ’ਤੇ ਚਰਚਾ ਲਈ ਕੈਬਨਿਟ ਮੀਟਿੰਗ ਸੱਦੀ ਗਈ ਸੀ। ਕੈਬਨਿਟ ਮੀਟਿੰਗ ਅੱਜ ਚਾਰ ਵਜੇ ਹੋਣੀ ਤੈਅ ਸੀ ਪ੍ਰੰਤੂ ਕਰੀਬ ਤਿੰਨ ਘੰਟੇ ਪਹਿਲਾਂ ਹੀ ਮੀਟਿੰਗ ਮੁਲਤਵੀ ਕਰਨ ਦਾ ਫ਼ੈਸਲਾ ਲੈ ਲਿਆ ਗਿਆ।

# ਮੋਗਾ ਦੀ ਥਾਣਾ ਸਿਟੀ ਸਾਊਥ ਪੁਲਿਸ ਨੇ 120 ਪੇਟੀਆਂ ਨਾਜਾਇਜ਼ ਸ਼ਰਾਬ ਤੇ 10 ਟਾਇਰਾਂ ਵਾਲਾ ਟਰੱਕ ਕੀਤਾ ਕਾਬੂ





**ਮੋਗਾ।** ਮਾਨਯੋਗ ਡੀ.ਜੀ.ਪੀ ਪੰਜਾਬ ਵੱਲੋ ਨਸ਼ਾ ਤੱਸਕਰਾ ਖਿਲਾਫ ਚਲਾਈ ਮੁਹਿੰਮ ਤਹਿਤ ਅਜੈ ਗਾਂਧੀ ਐਸ.ਐਸ.ਪੀ ਮੋਗਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਮੋਗਾ ਪੁਲਿਸ ਨੂੰ ਉਸ ਸਮੇ ਵੱਡੀ ਸਫ਼ਲਤਾ ਮਿਲੀ ਜਦ ਥਾਣਾ ਸਿਟੀ ਸਾਊਥ ਮੋਗਾ ਵੱਲੋਂ 120 ਪੇਟੀਆਂ ਸ਼ਰਾਬ ਸਮੇਤ ਟਰਾਲਾ ਬਰਾਮਦ ਕੀਤਾ ਗਿਆ। ਜਾਣਕਾਰੀ ਦਿੰਦਿਆਂ ਹੋਇਆਂ ਡੀਐਸਪੀ ਸਿਟੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੁਖ਼ਬਰ ਖਾਸ ਦੀ ਇਤਲਾਹ ਤੇ ਜਗਦੇਵ ਸਿੰਘ ਗੋਰਾ ਵਾਸੀ ਇੰਦਰਾ ਕਲੋਨੀ ਜੋ ਕਿ ਸ਼ਰਾਬ ਵੇਚਣ ਦਾ ਆਦੀ ਹੈ। ਅੱਜ ਵੀ ਇਹ ਭਾਰੀ ਮਾਤਰਾ ਦੇ ਵਿੱਚ ਟਰੱਕ ਵਿੱਚ ਨਜਾਇਜ਼ ਸ਼ਰਾਬ ਲੈ ਕੇ ਆ ਰਿਹਾ। ਜਿਸ ’ਤੇ ਪੁਲਿਸ ਪਾਰਟੀ ਨੇ ਰੇਡ ਕਰਕੇ ਟਰੱਕ ਰੋਕਿਆ ਅਤੇ ਪੁਲਿਸ ਪਾਰਟੀ ਨੂੰ ਵੇਖ ਕੇ ਜਗਦੇਵ ਸਿੰਘ ਗੋਰਾ ਮੌਕੇ ਤੋਂ ਫ਼ਰਾਰ ਹੋ ਗਿਆ। ਟਰੱਕ ਵਿੱਚੋਂ 120 ਪੇਟੀਆਂ ਨਾਜਾਇਜ਼ ਸ਼ਰਾਬ ਚੰਡੀਗੜ੍ਹ ਮਾਰਕਾ ਬਰਾਮਦ ਹੋਈ ਇਹ ਸ਼ਰਾਬ ਕਿੱਥੋਂ ਲੈ ਕੇ ਆਏ ਸੀ ਅਤੇ ਕਿਸ ਨੂੰ ਸਪਲਾਈ ਕਰਨੀ ਸੀ ਇਸ ਬਾਰੇ ਪੁੱਛ ਕਿਛ ਕੀਤੀ ਜਾ ਰਹੀ ਹੈ। ਮੁਲਜ਼ਮ ਖ਼ਿਲਾਫ਼ ਥਾਣਾ ਸਿਟੀ ਸਾਊਥ ਮੋਗਾ ਵਿੱਚ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਮਹਾਰਾਸ਼ਟਰ ਵਿਚ ਰੇਲਗੱਡੀ ਤੋਂ ਡਿੱਗਣ ਕਾਰਨ 5 ਲੋਕਾਂ ਦੀ ਮੌਤ

**ਨਵੀਂ ਦਿੱਲੀ।** ਮਹਾਰਾਸ਼ਟਰ ਦੇ ਕਲਿਆਣ ਵਿੱਚ ਇੱਕ ਵੱਡਾ ਰੇਲ ਹਾਦਸਾ ਵਾਪਰਿਆ ਹੈ। ਦੱਸ ਦੇਈਏ ਕਿ ਇਹ ਰੇਲ ਹਾਦਸਾ ਸੋਮਵਾਰ 9 ਜੂਨ ਨੂੰ ਸਵੇਰੇ ਵਾਪਰਿਆ ਹੈ, ਇਹ ਹਾਦਸਾ ਉਦੋਂ ਵਾਪਰਿਆ ਜਦੋ ਕਲਿਆਣ ਜੰਕਸ਼ਨ ’ਤੇ ਪੁਸ਼ਪਕ ਐਕਸਪ੍ਰੈੱਸ ਤੋਂ ਪੰਜ ਯਾਤਰੀ ਹੇਠਾਂ ਡਿੱਗ ਪਏ। ਦੱਸਿਆ ਜਾ ਰਿਹਾ ਹੈ ਕਿ ਜਦੋਂ ਰੇਲਗੱਡੀ ਕਲਿਆਣ ਜੰਕਸ਼ਨ ’ਤੇ ਰੁਕੀ ਤਾਂ ਹਰ ਰੋਜ਼ ਦਫ਼ਤਰ ਜਾਣ ਵਾਲੇ ਲੋਕ ਇਸ ਵਿੱਚ ਚੜ੍ਹਨ ਲਈ ਭੱਜੇ ਆਏ। ਇਸ ਦੌਰਾਨ ਭਾਰੀ ਭੀੜ ਅਤੇ ਧੱਕਾ-ਮੁੱਕੀ ਕਾਰਨ ਇਹ ਹਾਦਸਾ ਵਾਪਰਿਆ। ਦੱਸਿਆ ਜਾ ਰਿਹਾ ਹੈ ਕਿ ਇਹ ਲੋਕ ਆਪਣੇ-ਆਪਣੇ ਦਫ਼ਤਰਾਂ ਤੱਕ ਪਹੁੰਚਣ ਲਈ ਹਰ ਰੋਜ਼ ਰੇਲਗੱਡੀ ਰਾਹੀਂ ਯਾਤਰਾ ਕਰਦੇ ਹਨ। ਇਹ ਸਾਰੇ ਇਸ ਰੇਲਗੱਡੀ ’ਤੇ ਚੜ੍ਹਦੇ ਹਨ ਅਤੇ ਛਤਰਪਤੀ ਸ਼ਿਵਾਜੀ ਟਰਮੀਨਲ (ਸੀਐਸਟੀ)



ਵੱਲ ਜਾਂਦੇ ਹਨ। ਸੋਮਵਾਰ ਨੂੰ ਦਫ਼ਤਰੀ ਸਮੇਂ ਦੌਰਾਨ ਵਧਦੀ ਭੀੜ ਅਤੇ ਫਿਰ ਰੇਲਗੱਡੀ ਵਿੱਚ ਚੜ੍ਹਨ ਦੀ ਕਾਹਲੀ ਕਾਰਨ ਜ਼ਰੂਰ ਧੱਕਾ-ਮੁੱਕੀ ਹੋਈ ਹੋਵੇਗੀ, ਜਿਸ ਕਾਰਨ ਇਹ ਹਾਦਸਾ ਵਾਪਰਿਆ।

VACANCY
URGENT REQUIREMENT
Company Name - Rk Drafting Hub
Working Place - Office In Nakodar
2 Hiring For
Architecture Draftperson Or Civil Engineer.
Starting Salary Rs. 15000 Per Month.
Exprience Requirement -
Auto Cad (Must Required) Sketch Up
Do not call, only send the CV
on Whatsapp number - 98723 76093
Email: rk_drafting_hub@outlook.com

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਢਾਬੇ ਤੇ ਰੋਟੀ ਖਾਣ ਗਏ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

**ਮੋਗਾ।** ਬੀਤੀ ਦੇਰ ਰਾਤ ਮੋਗਾ ਸ਼ਹਿਰ ਵਿਚ ਗੋਲੀ ਚੱਲਣ ਦੀ ਵੱਡੀ ਘਟਨਾ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਢਾਬੇ 'ਤੇ ਰੋਟੀ ਖਾਣ ਗਏ ਨੌਜਵਾਨ 'ਤੇ ਕੁਝ ਅਣਪਛਾਤੇ ਲੋਕਾਂ ਵਲੋਂ ਗੋਲੀਬਾਰੀ ਕੀਤੀ ਗਈ। ਗੋਲੀ ਲੱਗਣ ਨਾਲ ਨੌਜਵਾਨ ਦੀ ਮੌਕੇ ’ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਰਮੇਸ਼ ਕੁਮਾਰ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਢਾਬੇ ਤੋਂ ਰੋਟੀ ਖਾਣ ਵੇਲੇ ਨੌਜਵਾਨ ਦੀ ਅਣਪਛਾਤੇ ਨੌਜਵਾਨਾਂ ਨਾਲ ਬਹਿਸ ਹੋ ਗਈ। ਉਸ ਤੋਂ ਬਾਅਦ ਅਣਪਛਾਤੇ ਵਿਅਕਤੀਆਂ ਵੱਲੋਂ ਉਸ ਉਪਰ ਗੋਲੀ ਚਲਾ ਦਿੱਤੀ ਤੇ ਨੌਜਵਾਨ ਦੀ ਮੌਤ ਹੋ ਗਈ। ਜਾਣਕਾਰੀ ਦਿੰਦਿਆਂ ਮ੍ਰਿਤਕ ਰਮੇਸ਼ ਕੁਮਾਰ ਦੇ ਪਿਤਾ ਨੇ ਦੱਸਿਆ ਕਿ ਮੇਰਾ ਬੇਟਾ ਰਾਤ ਆਪਣੇ ਦੋਸਤਾਂ ਦੇ ਨਾਲ ਢਾਬੇ 'ਤੇ ਰੋਟੀ ਖਾਣ ਗਿਆ ਸੀ ਤਾਂ ਉਥੇ ਉਸ ਦੀ ਕਿਸੇ ਨਾਲ ਬਹਿਸ ਹੋ ਗਈ ਅਤੇ ਉਸ ਨੂੰ



ਉਹਨਾਂ ਵਿਅਕਤੀਆਂ ਵੱਲੋਂ ਗੋਲੀ ਮਾਰ ਦਿੱਤੀ ਗਈ। ਜ਼ਖ਼ਮੀ ਹਾਲਤ ਵਿਚ ਬੇਟੇ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ ਪਰ ਡਾਕਟਰਾਂ ਨੇ ਉਸ ਦੇ ਬੇਟੇ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਅਣਪਛਾਤੇ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ ਅਤੇ ਪੁਲਿਸ ਵੱਲੋਂ ਹੁਣ ਉਹਨਾਂ ਦੀ ਭਾਲ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਨੌਜਵਾਨ ਮ੍ਰਿਤਕ 27 ਸਾਲ ਦਾ ਸੀ ਅਤੇ ਉਹ ਇੱਕ ਕਰਿਆਨੇ ਦੀ ਦੁਕਾਨ 'ਤੇ ਕੰਮ ਕਰਦਾ ਸੀ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਲੁਧਿਆਣਾ ਦੇ 15 ਪਿੰਡਾਂ ’ਤੇ ਮੰਡਰਾਇਆ ਖ਼ਤਰਾ, ਸਤਲੁਜ ਦਾ ਬੰਨ੍ਹ ਟੁੱਟਣ ਕਿਨਾਰੇ

**ਲੁਧਿਆਣਾ।** ਲੁਧਿਆਣਾ ਜ਼ਿਲ੍ਹੇ ਦੇ 20 ਤੋਂ 25 ਪਿੰਡਾਂ ਦੇ ਲਗਭਗ 40 ਹਜ਼ਾਰ ਲੋਕਾਂ ਦੀ ਪਿਛਲੇ 10 ਦਿਨਾਂ ਤੋਂ ਨੀਂਦ ਉਡੀ ਹੋਈ ਹੈ। ਹਿਮਾਚਲ ਵਿੱਚ ਮੀਂਹ ਕਾਰਨ ਭਾਖੜਾ ਡੈਮ ਤੋਂ ਪਾਣੀ ਛੱਡੇ ਜਾਣ ਕਾਰਨ ਸਤਲੁਜ ਦੇ ਪਾਣੀ ਦਾ ਪੱਧਰ ਵੱਧ ਗਿਆ ਹੈ, ਇਸ ਲਈ ਲੋਕ ਘਬਰਾਏ ਹੋਏ ਹਨ। ਵਹਾਅ ਤੇਜ਼ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਸਮੇਂ ਸਿਰ ਗੈਰ-ਕਾਨੂੰਨੀ ਮਾਈਨਿੰਗ ਰੋਕੀ ਜਾਂਦੀ, ਤਾਂ ਹੜ੍ਹਾਂ ਦੀ ਸਥਿਤੀ ਪੈਦਾ ਨਾ ਹੁੰਦੀ। ਪਿੰਡ ਸਸਰਾਲੀ ਨੇੜੇ ਸਤਲੁਜ ਦਾ ਬੰਨ੍ਹ ਕਮਜ਼ੋਰ ਹੋਣ ਕਰਕੇ ਸਸਰਾਲੀ, ਬੂੰਟ, ਰਾਵਤ, ਹਵਾਸ, ਸੀੜਾ, ਬੂਥਗੜ੍ਹ, ਮੰਗਲੀ ਟਾਂਡਾ, ਢੇਰੀ, ਖਵਾਜਕੇ, ਖਾਸੀ ਖੁਰਦ, ਮੰਗਲੀ ਕਾਦਰ, ਮੱਤੇਵਾੜਾ, ਮਾਂਗਟ, ਮਿਹਰਬਾਨ ’ਤੇ ਖ਼ਤਰਾ



ਮੰਡਰਾਇਆ ਹੋਇਆ ਹੈ। ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਜਾਣ ਦੀ ਅਪੀਲ ਕੀਤੀ ਗਈ ਹੈ। ਵੀਰਵਾਰ ਨੂੰ ਬੰਨ੍ਹ ਅਤੇ ਦਰਿਆ ਦੇ ਵਿਚਕਾਰ ਮਿੱਟੀ ਖਿਸਕ ਗਈ। ਪ੍ਰਸ਼ਾਸਨ ਨੇ ਫੌਜ ਅਤੇ ਐਨਡੀਆਰਐਫ ਦੀਆਂ ਟੀਮਾਂ ਨੂੰ ਬੁਲਾਇਆ ਹੈ ਕਿਉਂਕਿ ਜੇਕਰ ਇਸ ਸਥਿਤੀ ਨੂੰ ਕਾਬੂ ਨਾ ਕੀਤਾ ਗਿਆ ਤਾਂ ਲੁਧਿਆਣਾ ਸ਼ਹਿਰ ਦਾ ਕੁਝ ਹਿੱਸਾ ਪਾਣੀ ਦੀ ਲਪੇਟ ਵਿੱਚ ਆ ਸਕਦਾ ਹੈ।

# ਦਿੱਲੀ-ਐਨਸੀਆਰ ਵਿੱਚ ਹੜ੍ਹ, ਪਾਣੀ ਵਿਚ ਡੁੱਬਿਆ ਨੋਇਡਾ, 1000 ਘਰਾਂ ਵਿੱਚ ਵੜਿਆ ਪਾਣੀ

**ਨਵੀਂ ਦਿਲੀ।** ਮੌਨਸੂਨ ਦੀ ਬਾਰਿਸ਼ ਨੇ ਪਹਾੜੀ ਰਾਜਾਂ ਤੋਂ ਲੈ ਕੇ ਮੈਦਾਨੀ ਇਲਾਕਿਆਂ ਤੱਕ ਤਬਾਹੀ ਮਚਾਈ ਹੈ। ਦਿੱਲੀ-ਐਨਸੀਆਰ ਵਿੱਚ ਲਗਾਤਾਰ ਬਾਰਿਸ਼ ਕਾਰਨ ਯਮੁਨਾ ਨਦੀ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੀ ਹੈ। ਇਸ ਕਾਰਨ ਕਈ ਇਲਾਕਿਆਂ ਵਿੱਚ ਹੜ੍ਹ ਆ ਗਿਆ ਹੈ। ਨੋਇਡਾ ਸੈਕਟਰ-135 ਦੇ ਪਿੰਡ ਡੁੱਬ ਗਏ ਹਨ। ਇਹ ਇਲਾਕਾ 3 ਤੋਂ 4 ਫੁੱਟ ਪਾਣੀ ਨਾਲ ਭਰਿਆ ਹੋਇਆ ਹੈ। ਹਰਿਆਣਾ ਦੇ ਪੰਚਕੂਲਾ, ਹਿਸਾਰ, ਰੋਹਤਕ ਅਤੇ ਝੱਜਰ ਦੇ ਸਾਰੇ ਸਕੂਲ ਬੰਦ ਹਨ। ਫ਼ਤਿਹਾਬਾਦ, ਕੁਰੂਕਸ਼ੇਤਰ, ਯਮੁਨਾਨਗਰ ਅਤੇ ਫ਼ਰੀਦਾਬਾਦ ਵਿੱਚ ਵੀ ਕੁਝ ਸਕੂਲ ਬੰਦ ਕਰ ਦਿੱਤੇ ਗਏ ਹਨ। ਗੁਰੂਗ੍ਰਾਮ ਦੀ ਸਿਗਨੇਚਰ



ਗਲੋਬਲ ਸਲੋਰਾ ਸੁਸਾਇਟੀ ਵੀਰਵਾਰ ਨੂੰ ਪਾਣੀ ਵਿੱਚ ਡੁੱਬ ਗਈ। ਰਾਜਸਥਾਨ ਦੇ ਅਜਮੇਰ ਵਿੱਚ ਵੀਰਵਾਰ ਰਾਤ ਨੂੰ ਭਾਰੀ ਮੀਂਹ ਤੋਂ ਬਾਅਦ ਬੋਰਾਜ ਝੀਲ ਦੀ ਕੰਧ ਢਹਿ ਗਈ। ਇਸ ਕਾਰਨ 1000 ਤੋਂ ਵੱਧ ਘਰਾਂ ਵਿੱਚ ਅਚਾਨਕ ਹੜ੍ਹ ਆ ਗਿਆ। ਲੋਕਾਂ ਨੇ ਛੱਤ 'ਤੇ ਜਾ ਕੇ ਆਪਣੀ ਜਾਨ ਬਚਾਈ। ਪਾਣੀ ਦਾ ਵਹਾਅ ਇੰਨਾ ਤੇਜ਼ ਸੀ ਕਿ ਕਈ ਵਾਹਨ ਵਹਿ ਗਏ। ਘਰਾਂ ਨੂੰ ਨੁਕਸਾਨ ਪਹੁੰਚਿਆ। ਲੋਕਾਂ ਨੂੰ ਕੱਢਣ ਲਈ ਦੇਰ ਰਾਤ ਤੱਕ ਬਚਾਅ ਕਾਰਜ ਜਾਰੀ ਰਹੇ।

# ਹਿਮਾਚਲ ਪ੍ਰਦੇਸ਼ ’ਚ 3,000 ਕਰੋੜ ਰੁਪਏ ਦਾ ਸੇਬ ਕਾਰੋਬਾਰ ਸੰਕਟ ’ਚ



**ਹਿਮਾਚਲ।** ਹਿਮਾਚਲ ਪ੍ਰਦੇਸ਼ ਵਿਚ ਸੇਬ ਉਦਯੋਗ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਭਾਰੀ ਮੀਂਹ ਅਤੇ ਜ਼ਮੀਨ ਖਿਸਕਣ ਕਾਰਨ ਸੂਬੇ ’ਚ 3 ਨੈਸ਼ਨਲ ਹਾਈਵੇ ਸਮੇਤ 1100 ਤੋਂ ਵੱਧ ਸੜਕਾਂ ਬੰਦ ਹੋ ਗਈਆਂ ਹਨ, ਜਿਸ ਨਾਲ ਸੇਬਾਂ ਦੀ ਆਵਾਜਾਈ ਪ੍ਰਭਾਵਤ ਹੋਈ ਹੈ। ਮੰਡੀਆਂ ਅਤੇ ਟਰੱਕਾਂ ਵਿਚ ਸੇਬਾਂ ਦੇ ਲਗਭਗ 3.5 ਲੱਖ ਡੱਬੇ ਫਸੇ ਹੋਏ ਹਨ, ਜਿਸ ਨਾਲ ਬਾਗਾਂ ਨੂੰ ਭਾਰੀ ਨੁਕਸਾਨ ਹੋਇਆ ਹੈ। ਗੋਦਾਮਾਂ ਵਿਚ ਰੱਖੇ ਸੇਬ ਖਰਾਬ ਹੋਣੇ ਸ਼ੁਰੂ ਹੋ ਗਏ ਹਨ ਅਤੇ ਮੰਡੀਆਂ ਤਕ ਪਹੁੰਚ ਨਾ ਹੋਣ ਕਾਰਨ ਵਪਾਰ ਠੱਪ ਹੋ ਗਿਆ ਹੈ। ਇਸ ਤਬਾਹੀ ਕਾਰਨ ਸੇਬ ਦੀਆਂ ਕੀਮਤਾਂ ਵਿਚ ਵੀ ਉਛਾਲ ਆਇਆ ਹੈ- ਪ੍ਰਤੀ ਡੱਬਾ ਕੀਮਤ 200 ਰੁਪਏ ਵੱਧ ਗਈ ਹੈ। ਅਨੁਮਾਨ ਹੈ ਕਿ 3,000 ਕਰੋੜ ਰੁਪਏ ਦਾ ਸੇਬ ਕਾਰੋਬਾਰ ਪ੍ਰਭਾਵਤ ਹੋਇਆ ਹੈ। ਸ਼ਿਮਲਾ, ਮੰਡੀ ਅਤੇ ਕੁੱਲੂ ਵਰਗੇ ਵੱਡੇ ਸੇਬ ਉਤਪਾਦਕ ਖੇਤਰਾਂ ਵਿਚ ਸਥਿਤੀ ਬਹੁਤ ਚਿੰਤਾਜਨਕ ਹੈ। ਬਾਗਬਾਨੀ ਅਤੇ ਵਪਾਰੀਆਂ ਨੂੰ ਨਾ ਸਿਰਫ ਵਿੱਤੀ ਨੁਕਸਾਨ ਹੋ ਰਿਹਾ ਹੈ, ਬਲਕਿ ਉਨ੍ਹਾਂ ਦੀ ਮਿਹਨਤ ਵੀ ਬਰਬਾਦ ਹੋ ਰਹੀ ਹੈ। ਸਰਕਾਰੀ ਏਜੰਸੀਆਂ ਰਾਹਤ ਕਾਰਜਾਂ ’ਚ ਲੱਗੀਆਂ ਹੋਈਆਂ ਹਨ ਪਰ ਸੜਕਾਂ ਨੂੰ ਬਹਾਲ ਕਰਨ ’ਚ ਸਮਾਂ ਲੱਗ ਸਕਦਾ ਹੈ। ਇਸ ਸੰਕਟ ਦਾ ਹਿਮਾਚਲ ਦੀ ਆਰਥਕਤਾ ਅਤੇ ਬਾਗਬਾਨੀ ਉਤੇ ਡੂੰਘਾ ਅਸਰ ਪੈ ਸਕਦਾ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.
SPECIALITY:
PLUMBING : - Repairs/Replacement of Bathrooms accessories (sink, taps, tubs, showers, Toilets etc.
ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.
MASONRY WORK: - Plastering, skimming, Brick Work, Slabs Lying, Drive Ways, Roof maintenance etc.
CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.
For more information please contact at www.checkatrade.com
Chander Consultants Limited, London, UK 07488841161

# ਕੈਨੇਡਾ ਦੇ ਪੰਜਾਬੀ ਭਾਈਚਾਰੇ ਵਲੋਂ ਹੜ੍ਹ ਪੀੜਤਾਂ ਦੀ ਵੱਡੀ ਮੱਦਦ ਦਾ ਵਾਅਦਾ

## ਸੁਖਦੇਵ ਸਿੰਘ ਨਾਨਕਪੁਰ ਦੀ ਪ੍ਰੇਰਨਾ ਸਦਕਾ ਜਲਦ ਪੀੜਤਾਂ ਦੀ ਮਦਦ ਲਈ ਪੰਜਾਬ ਆ ਰਹੇ ਕੈਨੇਡਾ ਦੇ ਵੱਡੇ ਕਾਰੋਬਾਰੀ

**ਕਪੂਰਥਲਾ (ਕੌੜਾ)–** ਕੈਨੇਡਾ ਦੇ ਸ਼ਹਿਰ ਟੋਰਾਂਟੋ ਵੱਸਦੇ ਹਲਕਾ ਸੁਲਤਾਨਪੁਰ ਲੋਧੀ ਤੇ ਕਪੂਰਥਲਾ ਨਾਲ ਸਬੰਧਿਤ ਪੰਜਾਬੀ ਭਾਈਚਾਰਾ ਹੜ੍ਹ ਪੀੜਤਾਂ ਦੀ ਵੱਡੀ ਮਦਦ ਕਰੇਗਾ ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਸੁਲਤਾਨਪੁਰ ਲੋਧੀ ਦੇ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਨਾਨਕਪੁਰ ਨੇ ਪੰਜਾਬੀ ਭਾਈਚਾਰੇ ਦੇ ਅਹਿਮ ਆਗੂਆਂ ਤੇ ਵੱਡੇ ਕਾਰੋਬਾਰੀਆਂ ਨਾਲ ਮੀਟਿੰਗ ਉਪਰੰਤ ਕੀਤਾ ।ਉਹਨਾਂ ਦੱਸਿਆ ਕਿ ਉਹਨਾਂ ਦੀ ਪੰਜਾਬੀ ਭਾਈਚਾਰੇ ਦੇ ਅਹਿਮ ਆਗੂਆਂ ਨਾਲ ਹੋਈ ਮੀਟਿੰਗ ਵਿੱਚ ਮੈਂ ਉਹਨਾਂ ਨੂੰ ਪੰਜਾਬ ਵਿੱਚ ਹੜ੍ਹਾਂ ਨਾਲ ਹੋਈ ਬਰਬਾਦੀ ਬਾਰੇ ਜਾਣੂੰ ਕਰਵਾਇਆ ਅਤੇ ਪੀੜਤ ਵਿਅਕਤੀਆਂ ਦੀ ਬਾਂਹ ਫੜਨ ਦੀ ਬੇਨਤੀ ਕੀਤੀ ।ਜਿਸ ਤੇ ਉਹਨਾਂ ਵਿਸ਼ਵਾਸ ਦਿਵਾਇਆ ਕਿ ਉਹ ਸਾਰੇ ਮਿਲ ਕੇ ਪੀੜਤਾਂ ਦੀ ਮਦਦ ਕਰਨਗੇ ।ਜਿਸ ਲਈ ਉਹਨਾਂ ਕੁਝ ਸੱਜਣਾਂ ਦੀ ਜਲਦੀ ਭਾਰਤ ਜਾਣ ਦੀ ਡਿਊਟੀ ਲਗਾ ਦਿੱਤੀ ਹੈ ।ਨਾਨਕ




ਪੁਰ ਜੋ ਕੁਝ ਦਿਨਾਂ ਤੋਂ ਕੁਝ ਜਰੂਰੀ ਰੁਝੇਵਿਆਂ ਕਰਕੇ ਕੈਨੇਡਾ ਗਏ ਹਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੈਨੇਡਾ ਵਿੱਚ ਜਿਲ੍ਹਾ ਕਪੂਰਥਲਾ ਨਾਲ ਸੰਬਧਿਤ ਪੰਜਾਬੀ ਭਾਈਚਾਰੇ ਨੇ ਬਹੁਤ ਤਰੱਕੀ ਕੀਤੀ ਹੈ ਅਤੇ ਬਹੁਤ ਵੱਡੇ ਕਾਰੋਬਾਰਾਂ ਦੇ ਮਾਲਕ ਹਨ ਤੇ ਇਹ ਪੰਜਾਬ ਦੀ ਕਿਸੇ ਮੁਸੀਬਤ ਸਮੇਂ ਮਦਦ ਕਰਨ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ ਤੇ ਪਹਿਲਾਂ ਵੀ ਕਈ ਵਾਰ ਲੋੜਵੰਦ ਵਿਅਕਤੀਆਂ ਦੀ ਮੱਦਦ ਕਰ ਚੁੱਕੇ ਹਨ ।ਇਸ ਮੌਕੇ ਤੇ ਯਾਦਪਾਲ ਸਿੰਘ ਘੁੰਮਣ ਅਤੇ ਉਹਨਾਂ ਦੇ ਸਾਥੀਆਂ ਵਲੋਂ ਸੁਖਦੇਵ ਸਿੰਘ ਨਾਨਕ ਪੁਰ ਦੇ ਸਵਾਗਤ ਵਿੱਚ ਰਾਤਰੀ ਭੋਜ ਦਾ ਆਯੋਜਨ ਵੀ ਕੀਤਾ ਗਿਆ ।ਸੁਖਦੇਵ ਸਿੰਘ ਨਾਨਕ ਪੁਰ ਨੇ ਪੰਜਾਬੀ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਇਹਨਾਂ ਵੀਰਾਂ ਤੇ ਵੱਡਾ ਮਾਣ ਹੈ ।ਇਸ ਮੌਕੇ ਤੇ ਆਈ ਵਿਊ ਫੈਨੈਂਸੀਅਲ ਸਰਵਿਸਿਜ਼ ਦੇ ਮਾਲਕ ਯਾਦਪਾਲ ਸਿੰਘ ਘੁੰਮਣ,ਡੈਂਟਿਸਟ ਡਾਕਟਰ ਜਸਪਾਲ ਸਿੰਘ ਭੰਡਾਲ,ਉੱਘੇ ਕਾਰੋਬਾਰੀ ਗੁਰਬੀਰ ਸਿੰਘ ਚਾਹਲ,ਉੱਘੇ ਟਰਾਂਸਪੋਰਟਰ ਲਾਲੀ ਸ਼ਾਹੀ,ਹਰਪ੍ਰੀਤ ਸਿੰਘ,ਸਰਤਾਜ਼ ਸਿੰਘ ਬਾਜਵਾ,ਸੁਖਬੀਰ ਸਿੰਘ ਨਾਨਕ ਪੁਰ,ਉੱਘੇ ਰੀਏਲਟਰ ਕਿੰਗ ਵਾਲੀਆ,ਇਮੀਗ੍ਰੇਸ਼ਨ ਸਲਾਹਕਾਰ ਮਨਜੀਤ ਸਿੰਘ ਬੀਰ,ਠਾਣੇਦਾਰ ਸੰਗੋਜਲਾ,ਹਾਜ਼ਰ ਸਨ ।

# ਨੰਦ ਲਾਲ ਨੇ ਖੱਟਿਆ ਨੇਤਰਦਾਨੀ ਅਤੇ ਸਰੀਰਦਾਨੀ ਹੋਣ ਦਾ ਮਾਣ

**ਰਾਏਕੋਟ ( ਗੁਰਭਿੰਦਰ ਗੁਰੀ )** ਬਲਾਕ ਰਾਏਕੋਟ ਤੋਂ ਡੇਰਾ ਸ਼ਰਧਾਲੂ ਦਾ ਮਰਨ ਉਪਰੰਤ ਅੱਖਾਂ ਦਾਨ ਅਤੇ ਸਰੀਰ ਦਾਨ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਿਕ ਅੱਜ ਸੱਚੇ ਰੂਹਾਨੀ ਰਹਿਬਰ ਪੂਜਨੀਕ ਗੁਰੂ ਸੰਤ ਡਾ: ਗੁਰਮੀਤ ਰਾਮ ਰਹੀਮ ਸਿੰਘ ਦੀਆਂ ਪਵਿੱਤਰ ਸਿੱਖਿਆਵਾਂ ਤੇ ਚੱਲਦਿਆਂ ਹੋਇਆਂ ਬਲਾਕ ਰਾਏਕੋਟ ਦੇ ਪਿੰਡ ਨਿਊ ਆਬਾਦੀ ਅਕਾਲਗੜ੍ਹ ਦੇ ਡੇਰਾ ਸ਼ਰਧਾਲੂ ਪ੍ਰੀਵਾਰ ਨੇ ਮ੍ਰਿਤਕ ਨੰਦ ਲਾਲ (63) ਦੀ ਮ੍ਰਿਤਕ ਦੇਹ ਨੂੰ ਸਕੂਲ ਆਫ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਸ਼ਾਰਧਾ ਯੂਨੀਵਰਸਿਟੀ ਗ੍ਰੇਟਰ ਨੋਇਡਾ (ਯੂਪੀ) ਵਿਖੇ ਮੈਡੀਕਲ ਖੋਜਾਂ ਲਈ ਦਾਨ ਕਰ ਕੇ ਅਤੇ ਉਨਾਂ ਦੀਆਂ ਅੱਖਾਂ ਪੁਨਰਜੋਤ ਆਈ ਬੈਂਕ ਡਾ: ਰਮੇਸ਼ ਸੁਪਰ ਸਪੈਸ਼ਲਿਟੀ ਆਈ ਹਸਪਤਾਲ ਅਤੇ ਲੇਸਿਕ ਸੈਂਟਰ ਲੁਧਿਆਣਾ ਨੂੰ ਦਾਨ ਕਰਕੇ ਮ੍ਰਿਤਕ ਵੱਲੋਂ ਜਿਉਂਦੇ-ਜੀਅ ਕੀਤੇ ਹੋਏ ਪ੍ਰਣ ਨੂੰ ਪੂਰਾ ਕਰਦਿਆਂ ਮਾਨਵਤਾ ਭਲਾਈ ਦੇ ਕੰਮਾਂ ਵਿੱਚ ਇੱਕ ਅਹਿਮ ਭੂਮਿਕਾ ਨਿਭਾਈ ਹੈ। ਜ਼ਿਕਰਯੋਗ ਹੈ ਕਿ ਨੰਦ ਲਾਲ ਇੰਸਾਂ ਦਾ ਬੇਟਾ ਦੋ ਸਾਲ ਪਹਿਲਾਂ ਹੀ ਇੱਕ ਸੜਕ ਹਾਦਸੇ ਵਿੱਚ ਅਕਾਲ ਚਲਾਣਾ ਕਰ ਗਿਆ ਸੀ। ਨੰਦ ਲਾਲ ਆਪਣੇ ਪਿੱਛੇ ਆਪਣੀ ਧਰਮ ਪਤਨੀ,ਨੂੰਹ,ਦੋ ਬੇਟੀਆਂ, ਦੋ ਪੋਤੇ ਅਤੇ ਇੱਕ ਪੋਤੀ ਨੂੰ ਛੱਡ ਗਏ ਹਨ।ਅੱਜ ਉਹਨਾਂ ਦੀਆਂ ਅੱਖਾਂ ਪੁਨਰਜੋਤ ਆਈ ਬੈਂਕ ਨੂੰ ਦਾਨ ਕੀਤੀਆਂ ਗਈਆਂ ਆਈ ਬੈਂਕ ਦੇ ਇੰਚਾਰਜ ਡਾਕਟਰ ਰਛਪਾਲ ਸਿੰਘ ਨੇ ਦੱਸਿਆ ਕਿ ਉਹਨਾਂ ਦੀਆਂ ਅੱਖਾਂ ਦੋ ਇਨਸਾਨਾਂ ਦੀ ਹਨੇਰੀ ਜ਼ਿੰਦਗੀ ਨੂੰ ਰੌਸ਼ਨ ਕਰਨਗੀਆਂ ਤੇ ਜਿੰਨਾ ਚਿਰ ਉਹ ਇਨਸਾਨ ਜੀਵਤ ਰਹਿਣਗੇ ਉਹਨਾਂ ਦੀਆਂ ਅੱਖਾਂ ਇਸ ਰੰਗਲੀ ਦੁਨੀਆਂ ਨੂੰ ਦੇਖਦੀਆਂ ਰਹਿਣਗੀਆਂ ਇਸ ਤੇ





ਉਹਨਾਂ ਨੇ ਪਰਿਵਾਰ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਐਂਬੂਲੈਂਸ ਰਾਹੀਂ ਨਗਰ ਵਿੱਚ ਦੀ ਪਰਿਕਰਮਾ ਦੌਰਾਨ ਸਰੀਰਦਾਨੀ ਨੰਦ ਲਾਲ ਅਮਰ ਰਹੇ ਦੇ ਨਾਅਰੇ ਲਗਾਉਂਦਿਆਂ ਸ਼ਾਹ ਸਤਿਨਾਮ ਜੀ ਗ੍ਰੀਨ ਐੱਸ ਵੈੱਲਫੇਅਰ ਕਮੇਟੀ ਦੇ ਸੇਵਾਦਾਰ ਭੈਣ-ਭਾਈਆਂ ਦੀ ਅਗਵਾਈ ਅਤੇ ਪਿੰਡ ਵਾਸੀਆਂ ਦੀ ਹਾਜ਼ਰੀ ਵਿੱਚ ਰਵਾਨਾ ਕੀਤਾ ਗਿਆ। ਨੰਦ ਲਾਲ ਦੀ ਧਰਮ ਪਤਨੀ ਮਾਤਾ ਪਰਮਜੀਤ ਨੇ ਦੱਸਿਆ ਕਿ ਸਾਨੂੰ ਉਨਾਂ ਤੇ ਮਾਣ ਹੈ ਕਿਉਂਕਿ ਪੂਜਨੀਕ ਗੁਰੂ ਜੀ ਦੀਆਂ ਸਿੱਖਿਆਵਾਂ ਤੇ ਚੱਲਦਿਆਂ ਉਹਨਾਂ ਦੁਆਰਾ ਦਾਨ ਕੀਤੀਆਂ ਅੱਖਾਂ ਨਾਲ ਦੋ ਹਨੇਰੀ ਜਿੰਦਗੀਆਂ ਨੂੰ ਰੌਸ਼ਨੀ ਮਿਲੇਗੀ।

ਸੱਚੇ ਨਮਰ ਸੇਵਕ ਜਸਵੀਰ ਲੁਧਿਆਣਾ, ਸੁਖਵਿੰਦਰ ਹਾਂਸ ਕਲਾਂ ਤੇ ਭੈਣ ਪਰਮਜੀਤ , ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਵਿਸ਼ੇਸ਼ ਤੌਰ ਤੇ ਪਹੁੰਚੇ।ਗੌਰਤਲਬ ਹੈ ਕਿ ਡੇਰਾ ਸੱਚਾ ਸੌਦਾ ਦੇ ਸੇਵਾਦਾਰ ਆਪਣੇ ਪੂਜਨੀਕ ਗੁਰੂ ਜੀ ਦੇ ਅਨਮੋਲ ਬਚਨਾਂ ਤੇ ਚੱਲਦਿਆਂ ਮਾਨਵਤਾ ਭਲਾਈ ਦੇ ਕਾਰਜ ਲਗਾਤਾਰ ਕਰ ਰਹੇ ਹਨ ਜਿਨ੍ਹਾਂ ਦੀ ਬਦੌਲਤ ਡੇਰਾ ਸੱਚਾ ਸੌਦਾ ਦਾ ਨਾਮ ਦੁਨੀਆਂ ਭਰ ਵਿੱਚ ਗੂੰਜ ਰਿਹਾ ਹੈ। ਭੈਣ ਪਰਮਜੀਤ (ਹੈਪੀ) ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਲਾਕ ਰਾਏਕੋਟ ਵਿੱਚੋਂ ਇਹਨਾਂ ਸਮੇਤ ਹੁਣ ਤੱਕ 12 ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦਾਨ ਕੀਤੇ ਜਾ ਚੁੱਕੇ ਹਨ।

***ਕੀ ਕਹਿਣਾ ਹੈ ਪਿੰਡ ਦੇ ਪੰਚਾਇਤ ਮੈਂਬਰ ਦਾ:*** ਜਦੋਂ ਇਸ ਸਬੰਧੀ ਪਿੰਡ ਦੇ ਪੰਚਾਇਤ ਮੈਂਬਰ ਸ: ਰਜਿੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਨੰਦ ਲਾਲ ਦੇ ਪਰਿਵਾਰ ਵੱਲੋਂ ਉਨਾਂ ਦੀਆਂ ਅੱਖਾਂ ਨੂੰ ਆਈ ਬੈਂਕ ਲਈ ਅਤੇ ਮ੍ਰਿਤਕ ਦੇਹ ਨੂੰ ਮੈਡੀਕਲ ਖੋਜਾਂ ਲਈ ਦਾਨ ਕਰਨਾ ਇੱਕ ਬਹੁਤ ਹੀ ਸ਼ਲਾਘਾਯੋਗ ਕਾਰਜ ਹੈ, ਇਸ ਨਾਲ ਨਗਰ ਅਤੇ ਸਮਾਜ ਨੂੰ ਇੱਕ ਵੱਖਰੀ ਸੇਧ ਮਿਲੇਗੀ।

ਇਸ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ, ਰਿਸ਼ਤੇਦਾਰ,ਪਿੰਡ ਵਾਸੀ,ਸ਼ਾਹ ਸਤਿਨਾਮ ਜੀ ਗ੍ਰੀਨ ਐੱਸ ਵੈੱਲਫੇਅਰ ਕਮੇਟੀ ਦੇ ਸੇਵਾਦਾਰ ਭੈਣ-ਭਾਈ ਤੇ ਕਾਫ਼ੀ ਵੱਡੀ ਗਿਣਤੀ ਵਿੱਚ ਵੱਖ ਵੱਖ ਪਿੰਡਾਂ ਦੀ ਸਾਧ ਸੰਗਤ ਮੌਜੂਦ ਸੀ।

# ਗਾਇਕ ਰਵ ਤੱਤਲਾ ਦੇ ਨਵੇਂ ਗੀਤ ਅੱਜ ਹੋਣਗੇ ਰਿਲੀਜ : ਗੀਤਕਾਰ ਇੰਦਰ ਲੰਮੇ

**ਚੰਡੀਗੜ੍ਹ ਗੁਰਭਿੰਦਰ ਗੁਰੀ:** ਪੰਜਾਬੀ ਮਿਊਜਿਕ ਇੰਡਸਟਰੀਜ਼ ਵਿੱਚ ਉੱਭਰਦੇ ਗਾਇਕ ਰਵ ਤੱਤਲਾ ਆਪਣੀ 5 ਗੀਤਾਂ ਦੀ ਨਵੀਂ ਈਪੀ ਲੈ ਕੇ ਹਾਜ਼ਰ ਹੋ ਰਹੇ ਹਨ, ਜੋ 5 ਸਤੰਬਰ ਨੂੰ ਵੱਖ ਵੱਖ ਸ਼ੋਸ਼ਲ ਸਾਇਟਾਂ ਤੇ ਸੁਣਨ ਨੂੰ ਮਿਲੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੀਤਕਾਰ ਇੰਦਰ ਲੰਮੇ ਨੇ ਦੱਸਿਆ ਕਿ ਈਪੀ ਦਾ ਨਾਮ 'ਦੇਸੀ ਜੱਟ' ਰਿਲੀਜ ਕੀਤੀ ਜਾ ਰਹੀ ਹੈ, ਜਿਸ ਵਿੱਚ ਲੁਧਿਆਣਾ, ਫੈਸਲੇ, ਆਜਾ ਵੇ ਆਜਾ, ਦੇਸ਼ੀ ਜੱਟ, ਵੰਗਾਂ ਆਦਿ 5 ਗੀਤ ਹਨ, ਜੋ ਉਸਦੇ ਲਿਖੇ ਹਨ, ਜਿੰਨ੍ਹਾਂ ਦਾ ਮਿਊਜਿਕ ਅਤੇ ਅਵਾਜ਼ ਗਾਇਕ ਰਵ ਤੱਤਲਾ ਨੇ ਦਿੱਤੀ ਹੈ। ਗੀਤਕਾਰ ਇੰਦਰ ਲੰਮੇ ਨੇ ਦੱਸਿਆ ਕਿ ਦੇਸ਼ੀ ਜੱਟ ਈਪੀ



ਨੂੰ ਸਿੰਘ ਫਲੱਨਟ ਦੇ ਯੂ-ਟਿਊਬ ਚੈਨਲ ਅਤੇ ਵੱਖ ਵੱਖ ਸਾਇਟਾਂ ਤੇ ਰਿਲੀਜ ਕੀਤਾ ਜਾ ਰਿਹਾ ਹੈ। ਗੀਤਕਾਰ ਇੰਦਰ ਲੰਮੇ ਨੇ ਕਿਹਾ ਕਿ ਪੰਜਾਬੀ ਗੀਤ ਦੁਨੀਆ ਭਰ ਵਿੱਚ ਆਪਣੇ ਸੁਰਾਂ ਬੋਲਾਂ ਅਤੇ ਧੁਨਾਂ ਨਾਲ ਨਾਮਣਾਂ ਖੱਟ ਕੇ ਪੰਜਾਬ ਦੀ ਸੰਸਕ੍ਰਿਤੀ, ਰਿਵਾਇਤਾਂ ਅਤੇ ਜਜ਼ਬਾਤਾਂ ਨੂੰ ਦਰਸਾਉਂਦੇ ਹਨ। ਉਨ੍ਹਾਂ ਦੱਸਿਆ ਕਿ ਸੁਣਨ ਵਾਲਿਆਂ ਨੂੰ ਇਹ ਨਵੀਂ ਈਪੀ ਦੇਸ਼ੀ ਜੱਟ ਦੇ ਗੀਤ ਪਸੰਦ ਆਉਣਗੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਆਰ ਸੀ ਐਫ ਦੇ ਇਤਿਹਾਸ ਵਿੱਚ ਇਤਿਹਾਸਿਕ ਭੁੱਖ ਹੜਤਾਲ ਵਿਰੋਧ ਪ੍ਰਦਰਸ਼ਨ

## ਪੁਰਾਣੀ ਪੈਨਸ਼ਨ ਬਹਾਲੀ, ਨਿੱਜੀਕਰਨ 'ਤੇ ਰੋਕ ਅਤੇ ਸਥਾਨਕ ਮੰਗਾਂ ਲਈ ਆਰ ਸੀ ਐਫ ਇੰਪਲਾਈਜ਼ ਯੂਨੀਅਨ ਦਾ ਇਤਿਹਾਸਿਕ ਵਿਰੋਧ ਪ੍ਰਦਰਸ਼ਨ

**ਕਪੂਰਥਲਾ, (ਕੌੜਾ)–** ਰੇਲ ਕੋਚ ਫੈਕਟਰੀ (ਆਰ ਸੀ ਐਫ) ਵਿੱਚ ਅੱਜ ਆਰ ਸੀ ਐਫ ਇੰਪਲਾਈਜ਼ ਯੂਨੀਅਨ ਨੇ ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ , ਫਰੰਟ ਅਗੇਂਸਟ ਐਨਪੀਐਸ ਇਨ ਰੇਲਵੇ, ਅਤੇ ਐਨ ਐਮ ਓ ਪੀ ਐਸ ਦੇ ਰਾਸ਼ਟਰ ਵਿਆਪੀ ਸੱਦੇ 'ਤੇ ਇੱਕ ਦਿਨ ਦਾ ਸਮੂਹਿਕ ਭੁੱਖ ਹੜਤਾਲ ਦਾ ਪ੍ਰੋਗਰਾਮ ਰੱਖਿਆ। ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਕਰਮਚਾਰੀਆਂ ਨੇ ਆਪਣੀ ਇਕਜੁੱਟਤਾ ਦਾ ਪ੍ਰਦਰਸ਼ਨ ਕੀਤਾ। ਇਸ ਭੁੱਖ ਹੜਤਾਲ ਵਿੱਚ ਆਲ ਇੰਡੀਆ ਐਸ.ਸੀ. ਐਂਡ ਐਸ.ਟੀ. ਐਸੋਸੀਏਸ਼ਨ, ਆਲ ਇੰਡੀਆ ਓ.ਬੀ.ਸੀ. ਐਸੋਸੀਏਸ਼ਨ, ਆਈ.ਆਰ.ਟੀ.ਐਸ.ਏ. ਅਤੇ ਇੰਜੀਨੀਅਰਿੰਗ ਐਸੋਸੀਏਸ਼ਨ ਦੇ ਅਹੁਦੇਦਾਰ ਆਪਣੀਆਂ-ਆਪਣੀਆਂ ਟੀਮਾਂ ਸਮੇਤ ਸ਼ਾਮਲ ਹੋਏ। ਇਸ ਭੁੱਖ ਹੜਤਾਲ ਦਾ ਮੁੱਖ ਉਦੇਸ਼ ਪੁਰਾਣੀ ਪੈਨਸ਼ਨ ਯੋਜਨਾ ਦੀ ਬਹਾਲੀ ਦੀ ਮੰਗ ਕਰਨਾ ਸੀ, ਅਤੇ ਇਸ ਦੇ ਨਾਲ ਹੀ ਕਰਮਚਾਰੀਆਂ ਲਈ ਲਾਗੂ ਕੀਤੇ ਗਏ ਐਨ.ਪੀ.ਐਸ. ਅਤੇ ਯੂ.ਪੀ.ਐਸ. ਨੂੰ ਤੁਰੰਤ ਰੱਦ ਕਰਨ ਦਾ ਸੱਦਾ ਦਿੱਤਾ ਗਿਆ। ਯੂਨੀਅਨ ਦਾ ਮੰਨਣਾ ਹੈ ਕਿ ਓਪੀਐਸ ਕਰਮਚਾਰੀਆਂ ਦਾ ਅਧਿਕਾਰ ਹੈ ਅਤੇ ਉਨ੍ਹਾਂ ਦੇ ਭਵਿੱਖ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ, ਯੂਨੀਅਨ ਨੇ ਆਰਸੀਐਫ ਵਿੱਚ ਖਾਲੀ ਪਈਆਂ 1700 ਅਸਾਮੀਆਂ 'ਤੇ ਤੁਰੰਤ ਨਵੀਂ ਭਰਤੀ ਦੀ ਮੰਗ ਕੀਤੀ, ਤਾਂ ਜੋ ਕੰਮ ਦਾ ਬੋਝ ਘੱਟ ਹੋਵੇ ਅਤੇ ਉਤਪਾਦਨ ਦੀ ਗਤੀ ਬਣੀ ਰਹੇ। ਯੂਨੀਅਨ ਨੇ ਆਰਸੀਐਫ ਵਿੱਚ 3000 ਕੋਚਾਂ ਦੇ ਉਤਪਾਦਨ ਦੇ ਟੀਚੇ ਨੂੰ ਪੂਰਾ ਕਰਨ ਲਈ ਲੋੜੀਂਦੀ ਸਮੱਗਰੀ ਦੇ ਸਹੀ ਅਤੇ ਸਮੇਂ ਸਿਰ ਪ੍ਰਬੰਧਨ ਨੂੰ ਯਕੀਨੀ ਬਣਾਉਣ 'ਤੇ ਵੀ ਜ਼ੋਰ ਦਿੱਤਾ। ਇਸ ਮੌਕੇ ਮੰਚ ਦਾ ਸੰਚਾਲਨ ਤਲਵਿੰਦਰ ਸਿੰਘ ਨੇ ਕੀਤਾ। ਸੰਗਠਨ ਸਕੱਤਰ ਭਰਤ ਰਾਜ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਇਹ ਅੰਦੋਲਨ ਸਿਰਫ਼ ਇੱਕ ਦਿਨ ਲਈ ਨਹੀਂ, ਸਗੋਂ ਸਾਡੀ ਆਉਣ ਵਾਲੀ ਪੀੜ੍ਹੀ ਦੇ ਭਵਿੱਖ ਦਾ ਸਵਾਲ ਹੈ ਅਤੇ ਅਸੀਂ ਆਪਣੀਆਂ ਮੰਗਾਂ ਪ੍ਰਤੀ ਦ੍ਰਿੜ ਹਾਂ। ਆਰ ਸੀ ਐਫ ਇੰਪਲਾਈਜ਼ ਯੂਨੀਅਨ ਦੇ ਜਨਰਲ ਸਕੱਤਰ, ਸਰਵਜੀਤ




ਸਿੰਘ ਨੇ ਇਸ ਮੌਕੇ ਕਿਹਾ ਕਿ ਇਹ ਸਮੂਹਿਕ ਵਰਤ ਸਿਰਫ਼ ਇੱਕ ਵਿਰੋਧ ਪ੍ਰਦਰਸ਼ਨ ਨਹੀਂ, ਸਗੋਂ ਸਾਡੇ ਭਵਿੱਖ ਅਤੇ ਸਾਡੇ ਪਰਿਵਾਰਾਂ ਦੀ ਸੁਰੱਖਿਆ ਲਈ ਇੱਕ ਦ੍ਰਿੜ ਇਰਾਦਾ ਹੈ। ਉਨ੍ਹਾਂ ਦੱਸਿਆ ਕਿ ਪੁਰਾਣੀ ਪੈਨਸ਼ਨ ਦੀ ਬਹਾਲੀ ਦਾ ਸੰਘਰਸ਼ ਆਪਣੇ ਆਖ਼ਰੀ ਪੜਾਅ 'ਤੇ ਹੈ ਅਤੇ 25 ਨਵੰਬਰ 2025 ਨੂੰ ਦਿੱਲੀ ਵਿੱਚ ਇੱਕ ਵਿਸ਼ਾਲ ਰੈਲੀ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਦੇਸ਼ ਭਰ ਤੋਂ ਲੱਖਾਂ ਕਰਮਚਾਰੀ ਹਿੱਸਾ ਲੈਣਗੇ ਅਤੇ ਆਰਸੀਐਫ ਤੋਂ ਵੀ ਵੱਡੀ ਗਿਣਤੀ ਵਿੱਚ ਕਰਮਚਾਰੀ ਇਸ ਵਿੱਚ ਹਿੱਸਾ ਲੈਣਗੇ। ਯੂਨੀਅਨ ਦੇ ਪ੍ਰਧਾਨ, ਅਮਰੀਕ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਸਾਡੀ ਬਦਕਿਸਮਤੀ ਹੈ ਕਿ ਸਾਨੂੰ ਆਪਣੀਆਂ ਜਾਇਜ਼ ਮੰਗਾਂ ਮੰਨਵਾਉਣ ਲਈ ਅਜਿਹੇ ਕਦਮ ਚੁੱਕਣੇ ਪੈ ਰਹੇ ਹਨ, ਪੈਨਸ਼ਨ ਸਾਡਾ ਹੱਕ ਅਤੇ ਅਧਿਕਾਰ ਹੈ ਅਤੇ ਅਸੀਂ ਇਸਨੂੰ ਪ੍ਰਾਪਤ ਕਰਨ ਲਈ ਕਿਸੇ ਵੀ ਹੱਦ ਤੱਕ ਜਾਵਾਂਗੇ। ਅੰਤ ਵਿੱਚ, ਉਨ੍ਹਾਂ ਨੇ ਉੱਥੇ ਮੌਜੂਦ ਸਾਰੇ ਲੋਕਾਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਤੋਂ ਬਾਅਦ ਆਰਸੀਐਫ ਇੰਪਲਾਈਜ਼ ਯੂਨੀਅਨ ਨੇ ਪ੍ਰਧਾਨ ਮੰਤਰੀ ਨੂੰ ਸੰਬੋਧਨ ਕਰਦਿਆਂ ਆਰ ਸੀ ਐੱਫ ਦੇ ਜਨਰਲ ਮੈਨੇਜਰ ਐਸ.ਐਸ. ਮਿਸ਼ਰਾ ਨੂੰ ਇੱਕ ਮੰਗ ਪੱਤਰ ਸੌਂਪਿਆ।

ਇਸ ਸਮੂਹਿਕ ਭੁੱਖ ਹੜਤਾਲ ਵਿੱਚ ਉਪਰੋਕਤ ਅਹੁਦੇਦਾਰਾਂ ਦੇ ਨਾਲ-ਨਾਲ ਯੂਨੀਅਨ ਦੇ ਸਰਪ੍ਰਸਤ ਪਰਮਜੀਤ ਸਿੰਘ ਖਾਲਸਾ, ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਬਾਜਵਾ, ਸੰਯੁਕਤ ਸਕੱਤਰ ਜਸਪਾਲ ਸਿੰਘ ਸ਼ੇਖੋਂ, ਕੈਸ਼ੀਅਰ ਹਰਵਿੰਦਰ ਪਾਲ, ਵਿਚਿੱਤਰ ਸਿੰਘ, ਪ੍ਰਦੀਪ ਕੁਮਾਰ, ਨਰਿੰਦਰ ਕੁਮਾਰ, ਤ੍ਰਿਲੋਚਨ ਸਿੰਘ, ਅਰਵਿੰਦ ਕੁਮਾਰ ਸਾਹ, ਸੰਜੀਵ ਕੁਮਾਰ, ਸ਼ਿਵਰਾਜ ਮੀਨਾ, ਬਲਜਿੰਦਰ ਪਾਲ, ਪਰਮਿੰਦਰ ਸਿੰਘ, ਅਵਤਾਰ ਸਿੰਘ, ਸੌਰਭ, ਪ੍ਰਸ਼ਾਂਤ, ਰਘੁਵੀਰ ਸਿੰਘ, ਵਿਕਾਸ ਮਣੀ, ਲੱਕੀ ਭਾਟੀਆ, ਰਮਨ ਕੁਮਾਰ, ਬਲਦੇਵ ਰਾਜ, ਅਸ਼ਵਨੀ ਕੁਮਾਰ, ਜਗਮਿੰਦਰ ਸਿੰਘ, ਹਰਪ੍ਰੀਤ ਸਿੰਘ, ਸਰਬਜੀਤ ਸਿੰਘ, ਗੁਰਵਿੰਦਰ ਸਿੰਘ, ਗੁਰਜੀਤ ਕਲਸੀ ਰਾਮਦਾਸ, ਹਰਜਿੰਦਰ ਹੈਰੀ, ਸੰਦੀਪ ਕੁਮਾਰ, ਰਣਵੀਰ ਸਿੰਘ, ਅਮਰਿੰਦਰ ਸਿੰਘ, ਕਮਲਜੀਤ ਸਿੰਘ, ਜਗਦੀਪ ਸਿੰਘ, ਪਵਨ ਸ਼ਰਮਾ, ਪਰਮਿੰਦਰ ਸਿੰਘ, ਅਮਿਤ, ਧੀਰਜ, ਸੁਭਾਸ਼, ਚੰਦਰਭਾਨ, ਸਾਕੇਤ, ਵਿਪਿਨ, ਹਰੀਓਮ ਮੀਨਾ, ਯੋਗੇਸ਼ ਤਿਵਾੜੀ, ਜਗਜੀਤ ਸਿੰਘ, ਨਵੀਨ ਕੁਮਾਰ, ਸਿਮਰਨ, ਸੰਜੇ ਕੁਮਾਰ, ਕੇਵਲ ਸਿੰਘ, ਮੱਖਣ ਸਿੰਘ, ਓਮ ਪ੍ਰਕਾਸ਼ ਮੀਨਾ, ਪੰਕਜ ਕੁਮਾਰ ਸਿੰਘ, ਮੰਨੂ ਕੁਮਾਰ, ਮੇਘਨਾਥ ਪਾਸਵਾਨ, ਵਰਿੰਦਰ ਸਿੰਘ, ਸ਼ਿਵ ਚੰਦਰ ਲਾਲ, ਅਵਤਾਰ ਸਿੰਘ, ਸੁਖਚੈਨ, ਹਰਪ੍ਰੀਤ ਸਿੰਘ, ਗੁਰਜਿੰਦਰ ਸਿੰਘ, ਬਲਤੇਜਪੁਰੀ, ਮਾਰੂਤੀ, ਜੇ.ਪੀ. ਗੁਪਤਾ, ਰਵੀ, ਰਾਕੇਸ਼, ਅਮਰਜੀਤ ਸਿੰਘ, ਕੁੰਦਨ, ਪ੍ਰਵੀਨ ਸੋਨੀ, ਪਰਮਜੀਤ ਸਿੰਘ ਸਮੇਤ ਸੇਵਾ-ਮੁਕਤ ਸਾਥੀ ਸ਼ਰਨਜੀਤ ਸਿੰਘ ਅਤੇ ਦਿਲਬਾਗ ਸਿੰਘ, ਅਤੇ ਮਹਿਲਾ ਕਰਮਚਾਰੀ ਰਮਿੰਦਰ ਕੌਰ, ਇੰਦਰਜੀਤ ਕੌਰ, ਕੰਚਨ ਕੁਮਾਰੀ ਅਤੇ ਹੋਰ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

# ਸਵਾਸਤਿਕ ਗੌਤਮ ਨੇ ਵੋਟਰਾਂ ਦਾ ਧੰਨਵਾਦ ਕੀਤਾ ਅਤੇ ਏਬੀਵੀਪੀ ਦੇ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੱਤੀ

## ਸਵਾਸਤਿਕ ਗੌਤਮ ਨੇ ਵਿਦਿਆਰਥੀਆਂ ਦੇ ਫੈਸਲੇ ਨੂੰ ਸਵੀਕਾਰ ਕੀਤਾ

**ਚੰਡੀਗੜ੍ਹ ਗੁਰਭਿੰਦਰ ਗੁਰੀ**
ਸਵਾਸਤਿਕ ਗੌਤਮ ਨੇ ਪੀਯੂ ਵਿੱਚ ਹੋਈਆਂ ਚੋਣਾਂ ਵਿੱਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏਬੀਵੀਪੀ) ਦੇ ਪ੍ਰਧਾਨ ਅਤੇ ਹੋਰ ਅਹੁਦਿਆਂ ਦੀ ਜਿੱਤ ਲਈ ਸ਼ੁਭਕਾਮਨਾਵਾਂ ਦਿੱਤੀਆਂ ਹਨ।

ਉਪ-ਕੁਲਪਤੀ ਡਾ. ਪੀ. ਗੌਤਮ, ਡਾਇਰੈਕਟਰ ਜਸਵਿੰਦਰ ਕੁਮਾਰ, ਰਜਿਸਟਰਾਰ, ਉਪ-ਕੁਲਪਤੀ ਡੀ. ਐਸ. ਡਬਲਯੂ. ਅਮਿਤ ਚੌਹਾਨ ਅਤੇ ਏਬੀਵੀਪੀ ਦੇ ਸਾਰੇ ਸਟਾਫ ਮੈਂਬਰਾਂ ਨੇ ਵਿਦਿਆਰਥੀਆਂ ਦੇ ਅਸ਼ੀਰਵਾਦ ਅਤੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ ਹੈ। ਗੌਤਮ ਨੇ ਕਿਹਾ ਕਿ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ




ਵਿਦਿਆਰਥੀਆਂ ਦੀਆਂ ਉਮੀਦਾਂ ਅਨੁਸਾਰ ਕੰਮ ਕਰਨ ਦੀ ਕੋਸ਼ਿਸ਼ ਕਰਦੇ ਰਹਿਣ ਅਤੇ ਯੋਗ ਸੇਵਾ ਲਈ ਜਾਣੂ ਹੋਣ। ..

# ਪ੍ਰਸ਼ਾਸਨ ਵੱਲੋਂ ਪਾਣੀ ਦੇ ਨਿਰਵਿਘਨ ਵਹਾਓ ਲਈ ਵਿਸ਼ੇਸ਼ ਉਪਰਾਲੇ ਜਾਰੀ



**ਸ਼ਾਹਕੋਟ,(ਹਰਜਿੰਦਰ ਸਿੰਘ ਚੰਦੀ)–** ਜਲੰਧਰ ਤੋਂ ਫਿਰੋਜ਼ਪੁਰ ਨੂੰ ਜਾਂਦੀ ਰੇਲਵੇ ਲਾਈਨ ਸਤਲੁਜ ਬ੍ਰਿਜ ਗਿੱਦਰਪਿੰਡੀ ਥਾਣਾ ਲੋਹੀਆਂ ਸਬ-ਡਿਵੀਜ਼ਨ ਸ਼ਾਹਕੋਟ ਜ਼ਿਲ੍ਹਾ ਜਲੰਧਰ ਦਿਹਾਤੀ ਰੇਲਵੇ ਟਰੈਕ, ਪਲੇਟਫਾਰਮ ਦੇ ਹੇਠ ਬਣੇ ਹੋਏ ਬੇਸ ਨਾਲ ਹੜਾਂ ਦੇ ਪਾਣੀ ਨਾਲ ਸਤਲੁਜ ਦਰਿਆ ਵਿੱਚ ਆ ਰਹੀ ਕਾਈ, ਦਰੱਖਤ ਜਾਂ ਹੋਰ ਝਾੜੀਆਂ ਵਗੈਰਾ ਜੋ ਪੁਲ ਵਿੱਚ ਫਸੀਆਂ ਸਨ । ਉਹਨਾਂ ਨੂੰ ਜ਼ਿਲਾ ਪ੍ਰਸ਼ਾਸਨ ਵੱਲੋਂ ਐਨ.ਡੀ.ਆਰ. ਐਫ ਦੀਆਂ ਟੀਮਾਂ ਅਤੇ ਪਬਲਿਕ ਦੇ ਨਾਲ ਸਹਿਯੋਗ ਲੈ ਕੇ ਪਾਣੀ ਦੇ ਵਹਾਓ ਨੂੰ ਨਿਰਵਿਘਨ ਚਲਾਉਣ ਲਈ ਢੁਕਵੇਂ ਉਪਰਾਲੇ ਕੀਤੇ ਗਏ । ਮੌਜੂਦਾ ਸਮੇਂ ਬਿਨਾਂ ਰੁਕਾਵਟ ਰੇਲਵੇ ਟਰੈਕ ਦੇ ਹੇਠਾਂ ਤੋਂ ਪਾਣੀ ਲੰਘ ਰਿਹਾ। ਸਿੱਟੇ ਵਜੋਂ ਇਸ ਉਪਰਾਲੇ ਨਾਲ ਨੂੰ ਹੱਲ ਕਰ ਲਿਆ ਗਿਆ ਹੈ ਲੋਕਲ ਪੁਲਿਸ ਵੱਲੋਂ ਇਸ ਕਾਰਜ ਲਈ ਜਾਨ ਮਾਲ ਦੀ ਰਾਖੀ ਲਈ 24 ਘੰਟੇ ਆਪਣੀਆਂ ਟੀਮਾਂ ਜ਼ਿਲਾ ਜਲੰਧਰ ਦਿਹਾਤੀ ਦੇ ਮਾਨਯੋਗ ਐਸਐਸਪੀ ਸਰਦਾਰ ਹਰਵਿੰਦਰ ਸਿੰਘ ਵਿਰਕ ਜੀ ਦੀ ਨਿਗਰਾਨੀ ਹੇਠ ਤੈਨਾਤ ਕੀਤੀਆਂ ਹੋਈਆਂ ਹਨ।

# ਆਫਰੇ ਪਾਣੀਆਂ ਅੱਗੇ ਪੰਜਾਬੀਆਂ ਦੀ ਏਕਤਾ ਦਾ ਹੜ੍ਹ

## 'ਗ੍ਰਾਮ ਪੰਚਾਇਤ ਭਲੂਰ', ਕਿਸਾਨ ਜਥੇਬੰਦੀਆਂ, ਗੁ: ਕਮੇਟੀਆਂ, ਸਮੂਹ ਕਲੱਬ ਅਤੇ ਸਮੁੱਚਾ ਨਗਰ 'ਭਲੂਰ' ਉੱਠਿਆ ਯੋਧਾ ਬਣਕੇ

**ਭਲੂਰ (ਬੇਅੰਤ ਗਿੱਲ)** ਪੰਜਾਬ ਨੂੰ ਇਸ ਸਮੇਂ ਮੁਸੀਬਤਾਂ ਦੇ ਮੌਸਮ ਨੇ ਘੇਰ ਰੱਖਿਆ ਹੈ। ਹੜ੍ਹਾਂ ਦਾ ਕਹਿਰ ਜਿੱਥੇ ਕਿਸਾਨੀ ਦਾ ਲੱਕ ਤੋੜ ਗਿਆ ਹੈ, ਉੱਥੇ ਹਰ ਕਿਰਤੀ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਬਣ ਕੇ ਟੁੱਟਿਆ ਹੈ। ਜਿੱਥੇ ਫ਼ਸਲਾਂ, ਪਸ਼ੂ ਪੰਛੀਆਂ, ਘਰ-ਬਾਰ ਦਾ ਵੱਡਾ ਨੁਕਸਾਨ ਹੋਇਆ, ਉੱਥੇ ਹੀ ਮਨੁੱਖੀ ਜਾਨਾਂ ਦਾ ਚਲੇ ਜਾਣਾ ਉਮਰਾਂ ਦੀਆਂ ਪੀੜਾਂ ਬਣ ਗਿਆ ਹੈ। ਹੜ੍ਹਾਂ ਦੇ ਪਾਣੀਆਂ ਨੇ ਮੁਸੀਬਤਾਂ 'ਚ ਪਾਏ ਆਪਣੇ ਭਰਾਵਾਂ ਲਈ ਪੰਜਾਬ ਦੇ ਲੋਕ ਹੜ੍ਹਾਂ ਵਾਂਗ ਨਿਕਲ ਆਏ ਹਨ। ਹਰ ਪਾਸੇ ਰਾਸ਼ਨ ਪਾਣੀ ਨਾਲ਼ ਭਰੇ ਟਰੈਕਟਰ ਟਰਾਲੇ, ਟਰੱਕ ਅਤੇ ਗੱਡੀਆਂ ਵਗੈਰਾ ਸੜਕਾਂ 'ਤੇ ਲਾਇਨਾਂ ਬਣੇ ਜਾ ਰਹੇ ਹਨ। ਪੰਜਾਬੀਆਂ ਦਾ ਆਪਸੀ ਏਕਾ ਆਫਰੇ ਪਾਣੀਆਂ ਅੱਗੇ ਹੜ੍ਹ ਬਣ ਗਿਆ ਹੈ। ਇਸੇ ਤਰ੍ਹਾਂ ਪਿੰਡ ਭਲੂਰ ਦੀ ਗ੍ਰਾਮ ਪੰਚਾਇਤ, ਕਿਸਾਨ ਯੂਨੀਅਨ ਲੱਖੋਵਾਲ, ਸਮੂਹ ਕਲੱਬ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਅਤੇ ਸਮੂਹ ਕਿਸਾਨ ਜਥੇਬੰਦੀਆਂ ਵੱਲੋਂ ਵੱਡਾ ਹੰਭਲਾ ਮਾਰਿਆ ਜਾ ਰਿਹਾ ਹੈ।

ਭਲੂਰ ਦੇ ਸੂਝਵਾਨ ਲੋਕਾਂ ਦੀ ਸੋਚ ਹੈ ਕਿ ਉਹ ਪਾਣੀ ਉਤਰਨ ਤੋਂ ਮਗਰੋਂ ਆਪਣੇ ਭਰਾਵਾਂ ਦੇ ਘਰ ਅਤੇ ਖੇਤ ਸੰਵਾਰਨ ਲਈ ਟਰੈਕਟਰਾਂ ਦਾ ਵੱਡਾ ਕਾਫ਼ਲਾ ਲੈ ਕੇ ਜਾਣਗੇ। ਪਿੰਡ ਭਲੂਰ ਦੀ ਪੰਚਾਇਤ ਦੇ ਨੁਮਾਇੰਦੇ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ, ਪੰਚਾਇਤ ਮੈਂਬਰ ਜਸਕਰਨ ਸਿੰਘ ਜਟਾਣਾ, ਪੰਚ ਚਮਕੌਰ ਸਿੰਘ, ਪੰਚ ਸੁਰਜੀਤ ਸਿੰਘ ਬੁੱਧੂ, ਪੰਚ ਗਿੰਦਰਪਾਲ ਸਿੰਘ, ਪੰਚ ਗੋਗੀ ਢਿੱਲੋਂ, ਪੰਚ ਬਿੱਟੂ ਸਿੰਘ, ਪੰਚ ਜਗਰਾਜ ਸਿੰਘ, ਪੰਚ ਰੇਸ਼ਮ ਸਿੰਘ ਤੋਂ ਇਲਾਵਾ ਕਿਸਾਨ ਯੂਨੀਅਨਾਂ ਦੇ ਨੁਮਾਇੰਦਿਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਕਲੱਬ ਦੇ





ਮੈਂਬਰਾਂ ਅਤੇ ਹੋਰ ਮੋਹਤਬਰ ਲੋਕਾਂ ਨੇ ਸਾਰੇ ਨਗਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕ ਵੱਡੇ ਰੂਪ ਵਿਚ ਸਾਥ ਦੇ ਰਹੇ ਹਨ। ਪਿਛਲੇ ਦਿਨੀਂ ਪਿੰਡ ਭਲੂਰ ਦੇ ਨੌਜਵਾਨਾਂ ਵੱਲੋਂ ਰਾਸ਼ਨ ਪਾਣੀ ਦੀਆਂ ਸੇਵਾਵਾਂ ਵੀ ਪ੍ਰਭਾਵਿਤ ਥਾਵਾਂ ਉੱਤੇ ਪਹੁੰਚੀਆਂ ਹਨ। ਭਲੂਰ ਵਾਸੀਆਂ ਦੇ ਜਜ਼ਬੇ ਨੂੰ ਸਲਾਮ ਕਰਨਾ ਬਣਦਾ ਹੈ। ਪਿੰਡ ਦਾ ਨੌਜਵਾਨ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਆਪ ਅੱਗੇ ਲੱਗ ਕੇ ਲੋਕਾਂ ਨੂੰ ਅਪੀਲ ਕਰ ਰਿਹਾ ਹੈ ਅਤੇ ਲੋਕ ਖੁੱਲ੍ਹ-ਮ-ਖੁੱਲ੍ਹਾ ਸਾਥ ਦੇ ਰਹੇ ਹਨ। ਰੋਜ਼ਾਨਾ ਲੱਖਾਂ ਰੁਪਏ ਇਕੱਤਰ ਹੋ ਰਹੇ ਹਨ। ਇਹਨਾਂ ਕਾਰਜਾਂ ਲਈ ਕਿਸਾਨ ਯੂਨੀਅਨ ਲੱਖੋਵਾਲ ਦੇ ਨੁਮਾਇੰਦੇ ਸਰਦਾਰ ਨਿਰਮਲ ਸਿੰਘ ਵਿਰਕ, ਸਰਦਾਰ



ਅਮਰਜੀਤ ਸਿੰਘ ਜਟਾਣਾ, ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਕੁਲਦੀਪ ਸਿੰਘ ਕੀਪਾ, ਕਲੱਬ ਪ੍ਰਧਾਨ ਪਾਲਾ ਸਿੰਘ ਸੰਧੂ,ਸਵਰਨ ਸਿੰਘ ਸੰਧੂ, ਸ਼ੱਪਾ ਸਿੰਘ ਸੰਧੂ, ਜੱਸੀ ਰੋਡਿਆਂ ਆਲਾ, ਰੂਪ ਸਿੰਘ ਰਾਜਿਆਣਾ, ਗੁਰਪ੍ਰੀਤ ਸਿੰਘ, ਕਾਲਾ ਢਿੱਲੋਂ, ਬੱਬੂ ਸਿੰਘ, ਭਿੰਦਾ ਢਿੱਲੋਂ, ਜਰਨੈਲ ਸਿੰਘ ਭਲੂਰ,ਬਲਜੀਤ ਸਿੰਘ ਬਰਾੜ, ਰਾਮ ਸਿੰਘ ਬਰਾੜ, ਮਲਕੀਤ ਸਿੰਘ ਜਟਾਣਾ, ਬਸੰਤ ਸਿੰਘ ਸੰਧੂ,ਸੀਰਾ ਸਿੰਘ ਜਟਾਣਾ, ਅੰਗਰੇਜ਼ ਸਿੰਘ ਗੇਜਾ, ਗੁਰਮੇਲ ਸਿੰਘ ਵਿਰਕ, ਸੇਵਕ ਸਿੰਘ ਖੂਹ ਵਾਲੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੁਮਾਇੰਦੇ, ਗਗਨਾ ਜਟਾਣਾ,ਮੰਗਲ ਸਿੰਘ ਗਿੱਲ, ਪੀਤਾ ਗਿੱਲ, ਲੱਖਾ ਸਿੰਘ ਗਿੱਲ, ਜੱਗਾ ਸਿੰਘ, ਲਖਵਿੰਦਰ ਸਿੰਘ, ਗੁਰਦੀਪ ਸਿੰਘ ਨੰਬਰਦਾਰ, ਸੰਦੀਪ ਸਿੰਘ ਨੰਬਰਦਾਰ, ਬੇਅੰਤ ਸਿੰਘ ਜਟਾਣਾ, ਮਨਦੀਪ ਸਿੰਘ ਜਟਾਣਾ, ਅਮਨ ਜਟਾਣਾ, ਜਸਪਾਲ ਸਿੰਘ ਪਾਲ, ਰਾਜਾ ਸਿੰਘ ਢਿੱਲੋਂ, ਭੁਪਿੰਦਰ ਸਿੰਘ ਭਿੰਦਾ, ਹਰਦੀਪ ਸਿੰਘ ਵਾਹਲਾ, ਧਰਮਜੀਤ ਸਿੰਘ, ਈਸ਼ਰ ਸਿੰਘ, ਡਿੰਪੀ ਸਿੰਘ, ਸੁਖਮੰਦਰ ਸਿੰਘ ਸੰਧੂ ਕੈਨੇਡਾ ਅਤੇ ਹੋਰ ਵੱਡੀ ਗਿਣਤੀ ਵਿਚ ਪਿੰਡ ਦੇ ਨੌਜਵਾਨ ਐਨ ਆਰ ਆਈਜ਼ ਵੀਰਾਂ ਅਤੇ ਨਗਰ ਨਿਵਾਸੀਆਂ ਨੂੰ ਇਸ ਉਪਰਾਲੇ ਲਈ ਪ੍ਰੇਰਿਤ ਕਰ ਰਹੇ ਹਨ। ਪੰਜਾਬ ਨੂੰ ਅਜਿਹੇ ਯੋਧਿਆਂ ਦੇ ਪਿੰਡਾਂ 'ਤੇ ਮਾਣ ਰਹੇਗਾ।

# ਹੜ ਪੀੜਤਾਂ ਲਈ ਰਾਹਤ ਸਮੱਗਰੀ ਭੇਜੀ, ਖਾਲਸਾ ਏਡ ਪਟਿਆਲਾ ਦੇ ਮੁੱਖ ਦਫਤਰ ਭੇਜੀ

**ਡੇਰਾਬੱਸੀ, ਜ਼ੀਰਕਪੁਰ (ਸੰਜੀਵ ਸਿੰਘ ਸੈਣੀ)** ਜ਼ੀਰਕਪੁਰ ਦੇ ਸੁਸ਼ਮਾ ਗਰਾਂਡ ਵਿਖੇ ਰਹਿ ਰਹੇ ਪਰਿਵਾਰਾਂ ਵੱਲੋਂ ਹਰ ਪੀੜਤਾਂ ਲਈ ਰਾਤ ਸਮੱਗਰੀ ਭੇਜੀ ਗਈ। ਪੰਮੀ ਸਿੱਧੂ ਵੱਲੋਂ ਇਸ ਮੁਹਿਮ ਦੀ ਸ਼ੁਰੂਆਤ ਕੀਤੀ ਗਈ। ਸੁਸਾਇਟੀ ਵਿੱਚ ਰਹਿ ਰਹੇ ਹੋਰ ਪਰਿਵਾਰਾਂ ਵੱਲੋਂ ਵੀ ਯੋਗਦਾਨ ਪਾਇਆ ਗਿਆ। ਜਿੰਨ੍ਹਾਂ ਵੀ ਜਿਸ ਪਰਿਵਾਰ ਤੋਂ ਹੋ ਸਕਿਆ ਮਦਦ ਕੀਤੀ ਗਈ। ਨੌਜਵਾਨਾਂ ਨੇ ਇਸ ਮੁਹਿੰਮ ਵਿੱਚ ਵੱਧ ਚੜ ਕੇ ਯੋਗਦਾਨ ਪਾਇਆ। ਖਾਲਸਾ ਏਡ ਪਟਿਆਲਾ ਦੇ ਮੁੱਖ ਦਫ਼ਤਰ ਵਿੱਚ ਰਾਹਤ ਸਮੱਗਰੀ ਭੇਜੀ ਗਈ। ਗੱਲਬਾਤ ਦੌਰਾਨ ਪੰਮੀ



ਸਿੱਧੂ ਜੀ ਨੇ ਦੱਸਿਆ ਕਿ ਸਮੇਂ ਸਮੇਂ ਤੇ ਹੋਰ ਵੀ ਰਾਹਤ ਸਮੱਗਰੀ ਭੇਜਣ ਵਿੱਚ ਯੋਗਦਾਨ ਪਾਇਆ ਜਾਵੇਗਾ। ਉਹਨਾਂ ਕਿਹਾ ਕਿ ਹਰ ਇੱਕ ਨੂੰ ਥੋੜੇ ਵਿੱਚੋਂ ਥੋੜਾ, ਬਹੁਤੇ ਵਿੱਚ ਬਹੁਤਾ ਯੋਗਦਾਨ ਪਾਉਣਾ ਚਾਹੀਦਾ ਹੈ। ਸੋਸਾਇਟੀ ਦੇ ਨਾਮਵਰ ਲੋਕਾਂ ਨੇ ਇਸ ਉਪਰਾਲੇ ਦੀ ਕਾਫੀ ਤਾਰੀਫ਼ ਕੀਤੀ।

# ਨਿਸ਼ਕਾਮ ਰੂਪ ਵਿੱਚ ਖ਼ੂਨਦਾਨ ਕਰਨ ਵਾਲੇ ਦਾਨੀ ਮਰੀਜ਼ਾਂ ਲਈ ਰੱਬ ਦਾ ਰੂਪ - ਜੱਥੇਦਾਰ ਨਿਮਾਣਾ

## ਰੌਇਲ ਜਿਮ ਬਾਏ ਟੰਡਨ ਵੱਲੋਂ ਮਨੁੱਖਤਾ ਦੇ ਭਲੇ ਲਈ ਪਹਿਲਾ ਖ਼ੂਨਦਾਨ ਕੈਂਪ ਲਾਇਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ੍ਰਿਸ਼ਟੀ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 831ਵਾਂ ਮਹਾਨ ਖ਼ੂਨਦਾਨ ਕੈਂਪ ਲਾਡੀ ਟੰਡਨ, ਰਣਧੀਰ ਸਿੰਘ ਲਾਡੀ ਦੇ ਪੂਰਨ ਸਹਿਯੋਗ ਨਾਲ ਰੌਇਲ ਜਿਮ ਬਾਏ ਟੰਡਨ, ਨਿਊ ਸੁਭਾਸ਼ ਨਗਰ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਨੇ ਜ਼ਿਮ ਮਾਲਿਕ



ਲਾਡੀ ਟੰਡਨ, ਰਣਧੀਰ ਸਿੰਘ ਟੰਡਨ ਸਮੇਤ ਖ਼ੂਨਦਾਨੀਆਂ ਨੂੰ ਪ੍ਰਮਾਣ-ਪੱਤਰ ਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਆਪਣੇ ਸਰੀਰ ਦੇ ਖ਼ੂਨ ਦੇ ਹਿੱਸੇ ਵਿੱਚੋਂ ਨਿਸ਼ਕਾਮ ਰੂਪ ਖ਼ੂਨਦਾਨ ਕਰਨ ਵਾਲੇ ਦਾਨੀ ਮਰੀਜ਼ਾਂ ਲਈ ਰੱਬ ਦਾ ਰੂਪ ਹਨ। ਇਸ ਮੌਕੇ ਤੇ ਭੁਪਿੰਦਰ ਸਿੰਘ ਪ੍ਰਧਾਨ ਏ.ਕੇ.ਐਮ.ਯੂ ਲੁਧਿਆਣਾ ਅਤੇ ਬਲਦੇਵ ਸਿੰਘ ਸੰਧੂ ਮੀਤ ਪ੍ਰਧਾਨ ਨੇ ਦੱਸਿਆ ਕਿ ਖ਼ੂਨਦਾਨ ਕੈਂਪ ਦੌਰਾਨ 50 ਬਲੱਡ ਯੂਨਿਟ ਗੁਰੂ ਤੇਗ ਬਹਾਦਰ (ਚੈ:)



ਹਸਪਤਾਲ ਅਤੇ ਪ੍ਰੀਤ ਹਸਪਤਾਲ ਦੇ ਸਹਿਯੋਗ ਨਾਲ ਇਕੱਤਰ ਹੋਇਆ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ। ਇਸ ਮੌਕੇ ਤੇ ਸਰਪੰਚ ਮਨਜੀਤ ਸਿੰਘ ਬਾਜੜਾ, ਮਲਵਿੰਦਰ ਸਿੰਘ, ਦੀਦਾਰ ਸਿੰਘ, ਮਨਦੀਪ ਗੁਜਰ, ਹੀਰਾ ਵਰਮਾ, ਅਰੁਣ ਵਰਮਾ, ਜਸ ਵਰਮਾ, ਅਮਨ ਗੁਜਰ, ਵਿਸ਼ਾਲ, ਯੁਵਰਾਜ, ਨਿਖਿਲ ਸ਼ੁਕਲਾ ਆਦਿ ਹਾਜ਼ਰ ਸਨ ।

# ਕੇਂਦਰ ਸਰਕਾਰ ਨੇ ਅਫਗਾਨਿਸਤਾਨ ਨੂੰ ਤਾਂ ਰਾਹਤ ਭੇਜੀ ਪਰ ਪੰਜਾਬ ਨੂੰ ਹਾਲੇ ਤੱਕ ਅੰਗੂਠਾ ਹੀ ਦਿਖਾਇਆ

**ਬਲਬੀਰ ਸਿੰਘ ਬੱਬੀ**

ਸਮੁੱਚੇ ਭਾਰਤ ਦੇ ਅਨੇਕਾਂ ਇਲਾਕਿਆਂ ਦੇ ਵਿੱਚ ਇਸ ਵਾਰ ਜਬਰਦਸਤ ਮੀਂਹ ਪਏ ਲੰਮਾ ਸਮਾਂ ਲਗਾਤਾਰ ਮੀਹ ਪੈਣ ਦੇ ਕਾਰਨ ਪਹਾੜੀ ਇਲਾਕਾਈ ਵਿੱਚੋਂ ਦਰਿਆਵਾਂ ਡੈਮਾਂ ਦੇ ਵਿੱਚ ਪਾਣੀ ਜਮਾ ਹੋ ਗਿਆ ਤੇ ਪੰਜਾਬ ਵਿੱਚ ਲਗਾਤਾਰ 15 16 ਦਿਨ ਤੋਂ ਪੈ ਰਹੇ ਮੀਂਹ ਨੇ ਸਭ ਪਾਸੇ ਜਲ ਥਲ ਕਰ ਦਿੱਤਾ ਤੇ ਅਖੀਰ ਨੂੰ ਪੰਜਾਬ ਦੇ ਦਰਿਆਈ ਇਲਾਕਿਆਂ ਤੋਂ ਇਲਾਵਾ ਹੋਰ ਵੀ ਕਈ ਇਲਾਕਿਆਂ ਦੇ ਵਿੱਚ ਹੜਾਂ ਨੇ ਦਸਤਕ ਦੇ ਦਿੱਤੀ ਕੋਈ 10 15 ਦਿਨ ਤੋਂ ਹੜਾਂ ਦੀ ਮਾਰ ਚੱਲ ਰਹੇ ਲੋਕਾਂ ਦੀ ਜ਼ਿੰਦਗੀ ਉਥਲ ਪੁੱਥਲ ਹੋ ਗਈ ਹੈ ਚੰਗੀ ਤਰਾਂ ਆਪਣੇ ਘਰਾਂ ਵਿੱਚ ਹੱਸਦੇ ਵਸਦਿਆਂ ਕੰਮ ਕਰਦਿਆਂ ਲੋਕਾਂ ਉੱਤੇ ਪਾਣੀ ਦੀ ਜੋ ਮਾਰ ਪਈ ਹੈ ਉਹ ਬਿਆਨ ਕਰਨੀ ਮੁਸ਼ਕਿਲ ਹੈ ਇਸ ਮਾੜੀ ਘੜੀ ਦੇ ਵਿੱਚ ਪੰਜਾਬ ਵਾਸੀਆਂ ਨੇ ਸਭ ਤੋਂ ਅੱਗੇ ਹੋ ਕੇ ਆਪਣੇ ਲੋਕਾਂ ਦੀ ਬਾਂਹ ਫੜੀ ਬਚਾ ਕਾਰਜਾਂ ਦੇ ਨਾਲ ਲੰਗਰ ਰਾਸ਼ਨ ਪਾਣੀ ਪਸ਼ੂਆਂ ਲਈ ਸਭ ਕੁਝ ਹਾਜ਼ਰ ਕੀਤਾ ਉਸ ਤੋਂ ਬਾਅਦ ਪੰਜਾਬ ਦੇ ਅਨੇਕਾਂ ਲਿਆ ਤੋਂ ਇਲਾਵਾ ਦੇਸ਼ ਦੇ ਕਈ ਹਿੱਸਿਆਂ ਦੇ ਨਾਲ ਨਾਲ ਵਿਦੇਸ਼ਾਂ ਵਿੱਚੋਂ ਵੀ ਹੜ੍ਹ ਪੀੜਤਾਂ ਲਈ ਵੱਡੀ ਮਦਦ ਆਉਣੀ ਸ਼ੁਰੂ ਹੋ ਗਈ ਜਿਸ ਨਾਲ ਹੜ੍ਹ ਪੀੜਤਾਂ ਨੂੰ ਕੁਝ ਰਾਹਤ ਮਹਿਸੂਸ ਹੋਈ ਪੰਜਾਬ ਪਾਣੀ ਵਿੱਚ ਪੂਰੀ ਤਰਾਂ ਡੁੱਬ ਚੁੱਕਾ ਹੈ ਫਸਲਾਂ ਮਕਾਨ ਤੇ ਹੋਰ ਬਹੁਤ ਨੁਕਸਾਨ ਹੋਇਆ ਹੈ ਏਨਾ ਕੁਝ ਹੋਣ ਦੇ ਬਾਵਜੂਦ ਵੀ ਸਾਡੇ ਦੇਸ਼ ਦੀ ਕੇਂਦਰ ਵਿਚਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਤੇ ਦੇਸ਼ ਦੇ ਪ੍ਰਧਾਨ ਮੰਤਰੀ ਗ੍ਰਿਹ ਮੰਤਰੀ ਹੋਰ ਵਿਸ਼ੇਸ਼ ਭਾਜਪਾ ਵਿਅਕਤੀਆਂ ਨੇ ਪੰਜਾਬ ਵਿੱਚ ਆਏ ਹੜਾਂ ਦੇ ਸੰਬੰਧ ਵਿੱਚ ਦੋ ਸ਼ਬਦ ਬੋਲ ਕੇ ਦੁੱਖ ਦਾ ਪ੍ਰਗਟਾਵਾ ਵੀ ਨਹੀਂ ਕੀਤਾ ਪਰ ਧੰਨ ਨੇ ਪੰਜਾਬ ਦੇ ਲੋਕ ਜੋ ਬੜੀ ਬਿਪਤਾ ਦੇ ਵਿੱਚ ਲੋਕਾਂ ਨਾਲ ਖੜੇ ਹਨ।




ਇੱਥੇ ਇੱਕ ਹੋਰ ਗੱਲ ਸਾਹਮਣੇ ਆਈ ਹੈ ਕਿ ਦੇਸ਼ ਅਫਗਾਨਿਸਤਾਨ ਦੇ ਵਿੱਚ ਭੁਚਾਲ ਆਏ ਉਥੇ ਵੀ ਕਾਫੀ ਨੁਕਸਾਨ ਹੋਇਆ ਸਾਡੇ ਦੇਸ਼ ਦੀ ਕੇਂਦਰ ਵਿਚਲੀ ਭਾਜਪਾ ਸਰਕਾਰ ਨੇ ਵੱਡੀ ਰਾਹਤ ਅਫਗਾਨਿਸਤਾਨ ਵਿੱਚ ਤਾਂ ਭੇਜ ਦਿੱਤੀ ਹੈ ਪਰ ਪੰਜਾਬ ਜੋ ਲਗਾਤਾਰ ਹੜਾਂ ਦੇ ਵਿੱਚ ਗੋਤੇ ਖਾ ਰਿਹਾ ਹੈ ਬਹੁਤ ਨੁਕਸਾਨ ਕਰਵਾ ਰਿਹਾ ਹੈ ਪਰ ਉਹਨਾਂ ਦੀ ਸਾਰ ਕਿਸੇ ਨੇ ਨਹੀਂ ਲਈ ਇਹ ਹੁੰਦੀ ਹੈ ਪੰਜਾਬ ਨਾਲ ਮੈਲੀ ਅੱਖ ਰੱਖਣ ਵਾਲੇ ਘਟੀਆ ਸਿਆਸਤਦਾਨਾਂ ਦੀ ਪਛਾਣ...!

# ਤਰਕਸ਼ੀਲ ਸੁਸਾਇਟੀ ਪੰਜਾਬ ਹੜ੍ਹ ਪ੍ਰਭਾਵਿਤ ਲੋਕਾਂ ਲਈ ਅੱਗੇ ਆਈ

## ਪੰਜਾਬ ਅਤੇ ਕੇਂਦਰ ਸਰਕਾਰਾਂ ਤੋਂ ਜੰਗੀ ਪੱਧਰ ਤੇ ਰਾਹਤ ਪਹੁੰਚਾਉਣ ਦੀ ਮੰਗ

**ਸੰਗਰੂਰ।** ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ,ਵਿੱਤ ਮੁਖੀ ਸੋਹਣ ਸਿੰਘ ਮਾਝੀ ਤੇ ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਨੇ ਜੋਨ ਬਰਨਾਲਾ-ਸੰਗਰੂਰ ਦੀਆਂ ਇਕਾਈਆਂ ਦੇ ਆਗੂਆਂ ਅਤੇ ਮੈਂਬਰਾਂ ਸਮੇਤ ਦੇਸ਼ ਵਿਦੇਸ਼ ਵਿੱਚ ਵਸਦੇ ਹਮਦਰਦ ਸਾਥੀਆਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਆਪੋ ਆਪਣੀ ਸਮਰਥਾ ਅਨੁਸਾਰ ਪੰਜਾਬ ਵਿੱਚ ਹੜ੍ਹਾਂ ਦੀ ਤਬਾਹੀ ਤੋਂ ਪੀੜਤ ਪਰਿਵਾਰਾਂ ਦੀ ਵਿੱਤੀ ਮਦਦ ਲਈ ਅੱਗੇ ਆਉਣ। ਇਸਦੇ ਨਾਲ ਹੀ ਸੁਸਾਇਟੀ ਨੇ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਹੜ੍ਹ ਪੀੜਤ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਭੋਜਨ, ਤਰਪਾਲਾਂ ਅਤੇ ਪਸ਼ੂਆਂ ਦੇ ਚਾਰੇ ਸਮੇਤ ਹਰ ਪ੍ਰਕਾਰ ਦੀ ਫੌਰੀ ਮਦਦ ਪਹੁੰਚਾਉਣ ਦੇ ਉਪਰਾਲੇ ਤੇਜ਼ ਕੀਤੇ ਜਾਣ।

ਆਗੂਆਂ ਦੱਸਿਆ ਕਿ ਹੜਾਂ ਦੀ ਕੁਦਰਤੀ ਆਫ਼ਤ ਅਤੇ ਇਨ੍ਹਾਂ ਦੀ ਰੋਕਥਾਮ ਲਈ ਅਗਾਊਂ ਪ੍ਰਬੰਧਾਂ ਵਿੱਚ ਪੰਜਾਬ ਸਰਕਾਰ ਦੀ ਘੋਰ ਲਾਪਰਵਾਹੀ ਤੇ ਬਦਇੰਤਜ਼ਾਮੀ ਨੇ ਪੰਜਾਬ ਦੇ ਪਿੰਡਾਂ ਦੇ ਲੱਖਾਂ ਲੋਕਾਂ ਦੇ ਘਰਾਂ, ਡੰਗਰਾਂ,ਫ਼ਸਲਾਂ, ਪਸ਼ੂ ਚਾਰਾ,ਖੇਤੀ ਸੰਦਾਂ ਅਤੇ ਜ਼ਮੀਨਾਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ ਅਤੇ ਪੰਜਾਬ ਦੇ ਲੋਕਾਂ ਦਾ ਵੱਡੇ ਪੱਧਰ ਤੇ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ ਜਿਸਦੀ ਭਰਪਾਈ ਲਈ ਪੰਜਾਬ ਅਤੇ ਕੇਂਦਰ ਸਰਕਾਰਾਂ ਨੂੰ ਜੰਗੀ ਪੱਧਰ ਤੇ ਯਤਨ ਕਰਨ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਪੀੜਤ ਲੋਕਾਂ ਦੀਆਂ ਲੋੜਾਂ ਵਿੱਚੋਂ ਕੁੱਝ ਦੀ ਪੂਰਤੀ ਲਈ ਆਪਣੇ ਯਤਨਾਂ ਨਾਲ ਸਹਾਇਤਾ ਰਾਸ਼ੀ ਇਕੱਠੀ ਕਰਨ ਦੀ ਜਨਤਕ ਮੁਹਿੰਮ ਚਲਾ ਰਹੀ ਹੈ ਅਤੇ ਇਸ ਇੱਕਠੀ ਹੋਈ ਸਹਾਇਤਾ ਰਾਸ਼ੀ ਨਾਲ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੇ ਸਹੀ ਲੋੜਵੰਦਾਂ ਦੀ ਪਹਿਚਾਣ ਕਰਕੇ ਢੁਕਵੇਂ ਸਮੇਂ ਤੇ ਢੁਕਵੀਂ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਕਾਈ ਸੰਗਰੂਰ ਦੇ ਆਗੂਆਂ ਸੁਰਿੰਦਰ ਪਾਲ, ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ, ਗੁਰਜੰਟ ਸਿੰਘ,ਸੁਖਦੇਵ ਸਿੰਘ ਕਿਸ਼ਨਗੜ੍ਹ ਤੇ ਲੈਕਚਰਾਰ ਜਸਦੇਵ ਸਿੰਘ ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਾਣੀ ਘਟਣ ਨਾਲ ਜਿਉਂ ਜਿਉਂ ਲੋਕਾਂ ਨੂੰ ਆਪਣੇ ਨੁਕਸਾਨ ਦਾ ਪਤਾ ਚਲੇਗਾ ਤਾਂ ਉਹਨਾਂ ਅੱਗੇ ਹੋਰ ਵੀ ਬਹੁਤ ਸਾਰੀਆਂ ਲੋੜਾਂ ਦਰਪੇਸ਼ ਹੋਣਗੀਆਂ ਜਿੰਨ੍ਹਾਂ ਲਈ ਕਾਫ਼ੀ ਸਮੇਂ ਤੱਕ ਵੱਡੇ ਪੱਧਰ ਤੇ ਵਿੱਤੀ ਸਹਾਇਤਾ ਦੀ ਲੋੜ ਬਣੀ ਰਹੇਗੀ।

ਤਰਕਸ਼ੀਲ ਆਗੂਆਂ ਨੇ ਅਪੀਲ ਕੀਤੀ ਕਿ ਇਹ ਸਹਾਇਤਾ ਰਾਸ਼ੀ ਤਰਕਸ਼ੀਲ ਸੁਸਾਇਟੀ ਦੀ ਕਿਸੇ ਵੀ ਇਕਾਈ ਰਾਹੀਂ ਦਿੱਤੀ ਜਾ ਸਕਦੀ ਹੈ। ਸਹਾਇਤਾ ਰਾਸ਼ੀ ਸਿੱਧੀ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਦੇ ਖਾਤਾ ਨੰਬਰ 0044000100282234 IFSC ਕੋਡ PUNB 0004400 ਪੰਜਾਬ ਨੈਸ਼ਨਲ ਬੈਂਕ ਬਰਨਾਲਾ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸਹਾਇਤਾ ਰਾਸ਼ੀ ਦੀ ਸੂਚਨਾ ਸੂਬਾ ਵਿਤ ਮੁਖੀ ਰਾਜੇਸ਼ ਅਕਲੀਆ ਜੀ ਨੂੰ ਮੋਬਾਈਲ ਨੰਬਰ 9815670725 ਦੇ ਵਟਸਐੱਪ ਤੇ ਜਾਂ ਕਿਸੇ ਵੀ ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨ ਨੂੰ ਜਰੂਰ ਭੇਜਣ।



**ਮਾਸਟਰ ਪਰਮ ਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਵਿਧਾਇਕ ਜਿੰਪਾ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਵਲੰਟੀਅਰਾਂ ਨੂੰ ਜੁੜਨ ਦੀ ਕੀਤੀ ਅਪੀਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਹੁਸ਼ਿਆਰਪੁਰ ਇਲਾਕੇ ਦੇ ਵਲੰਟੀਅਰਾਂ ਅਤੇ ਸਮਾਜਿਕ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਉਨ੍ਹਾਂ ਸਾਰਿਆਂ ਨੂੰ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਜਲਦੀ ਰਾਹਤ ਪ੍ਰਦਾਨ ਕਰਨ ਲਈ ਮਿਲ ਕੇ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਸਮਾਜ ਦੇ ਹਰ ਵਰਗ ਦਾ ਸਹਿਯੋਗ ਜ਼ਰੂਰੀ ਹੈ ਅਤੇ ਸਾਨੂੰ ਮਿਲ ਕੇ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਅਤੇ ਸਹਾਇਤਾ ਪ੍ਰਦਾਨ ਕਰਨੀ ਪਵੇਗੀ। ਵਿਧਾਇਕ ਜਿੰਪਾ ਨੇ ਮੌਕੇ 'ਤੇ ਹੀ ਵਲੰਟੀਅਰਾਂ ਨੂੰ ਰਾਹਤ ਸਮੱਗਰੀ ਸੌਂਪੀ ਅਤੇ ਉਨ੍ਹਾਂ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਭੇਜਿਆ। ਉਨ੍ਹਾਂ ਕਿਹਾ



ਕਿ ਸਰਕਾਰ ਦੇ ਯਤਨਾਂ ਦੇ ਨਾਲ-ਨਾਲ ਸਮਾਜਿਕ ਸੰਗਠਨਾਂ ਅਤੇ ਸਥਾਨਕ ਨੌਜਵਾਨਾਂ ਦੀ ਭਾਗੀਦਾਰੀ ਵੀ ਬਹੁਤ ਸ਼ਲਾਘਾਯੋਗ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਕਿਸੇ ਵੀ ਪ੍ਰਭਾਵਿਤ ਪਰਿਵਾਰ ਨੂੰ ਇਕੱਲਾ ਨਹੀਂ ਛੱਡਿਆ ਜਾਵੇਗਾ ਅਤੇ ਹਰ ਸੰਭਵ ਮਦਦ ਮੁਹੱਈਆ ਕਰਵਾਈ ਜਾਵੇਗੀ। ਵਿਧਾਇਕ ਨੇ ਕਿਹਾ ਕਿ ਇਸ ਆਫ਼ਤ ਦਾ ਸਾਹਮਣਾ ਇਕਜੁੱਟ ਹੋ ਕੇ ਹੀ ਕੀਤਾ ਜਾ ਸਕਦਾ ਹੈ। ਉਨ੍ਹਾਂ ਵਲੰਟੀਅਰਾਂ ਨੂੰ ਸੁਨੇਹਾ ਦਿੱਤਾ ਕਿ ਉਹ ਮਨੁੱਖੀ ਸੰਵੇਦਨਾਵਾਂ ਨੂੰ ਸਭ ਤੋਂ ਉੱਪਰ ਰੱਖ ਕੇ ਹਰ ਪ੍ਰਭਾਵਿਤ ਪਰਿਵਾਰ ਨੂੰ ਮਦਦ ਪ੍ਰਦਾਨ ਕਰਨ ਵਿੱਚ ਯੋਗਦਾਨ ਪਾਉਣ। ਮੀਟਿੰਗ ਵਿੱਚ ਬਲਾਕ ਪ੍ਰਧਾਨ ਜਸਪਾਲ ਸੁਮਨ, ਸਰਪੰਚ ਅਮਰਜੀਤ ਬਾਜਵਾ, ਯੂਥ ਕਲੱਬ ਪ੍ਰਧਾਨ ਪ੍ਰਿਤਪਾਲ, ਸਮਾਜ ਸੇਵਕ ਮਦਨ ਲਾਲ ਮਾਹੀ, ਪਵਨ ਸ਼ਰਮਾ ਅਤੇ ਬਲਾਕ ਪ੍ਰਧਾਨ ਰਾਜਨ ਸੈਣੀ ਸਮੇਤ ਕਈ ਪਤਵੰਤੇ ਮੌਜੂਦ ਸਨ। ਇਨ੍ਹਾਂ ਸਾਰਿਆਂ ਨੇ ਵਿਧਾਇਕ ਜਿੰਪਾ ਨੂੰ ਭਰੋਸਾ ਦਿੱਤਾ ਕਿ ਉਹ ਆਪਣੇ ਪੱਧਰ 'ਤੇ ਪੂਰੀ ਤਿਆਰੀ ਨਾਲ ਹੜ੍ਹ ਪੀੜਤਾਂ ਦੀ ਮਦਦ ਕਰਨਗੇ ਅਤੇ ਲੋੜਵੰਦਾਂ ਨੂੰ ਰਾਹਤ ਸਮੱਗਰੀ ਪ੍ਰਦਾਨ ਕਰਨਗੇ।

# ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ’ਚ ਬੰਨ੍ਹਾਂ ਦੀ ਸਥਿਤੀ ਦਾ ਲਿਆ ਜਾਇਜ਼ਾ

**ਦੇਰ ਰਾਤ ਤਲਵੰਡੀ ਸ਼ਿਬੂ ‘ਚ ਲੱਗੀ ਸੀ ਬੰਨ੍ਹ ਨੂੰ ਢਾਅ, ਹੁਣ ਸਥਿਤੀ ਪੂਰੀ ਤਰ੍ਹਾਂ ਕੰਟਰੋਲ ‘ਚ, ਮੌਜੂਦਾ ਸਮੇਂ ਜ਼ਿਲ੍ਹਾ ਵਾਸੀਆਂ ਨੂੰ ਕਿਸੇ ਗੱਲ ਤੋਂ ਘਬਰਾਉਣ ਦੀ ਜਰੂਰਤ ਨਹੀਂ**



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜਿਲ੍ਹੇ ਵਿੱਚ ਸਤਲੁਜ ਦਰਿਆ ਦੇ ਬੰਨ੍ਹਾਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਸਥਿਤੀ ਬਿਲਕੁਲ ਠੀਕ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਡਰ ਵਾਲੀ ਗੱਲ ਨਹੀਂ ਹੈ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਨਵਾਂਸ਼ਹਿਰ ਸਬ-ਡਵੀਜਨ ਦੇ ਪਿੰਡ ਤਾਜੇਵਾਲ-ਮੰਡਾਲਾ ਵਿਖੇ ਸਵੇਰ ਵੇਲੇ ਪਹੁੰਚ ਕੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਹਰ ਵੇਲੇ ਹਰ ਸੰਭਵ ਮਦਦ ਲਈ ਤਿਆਰ-ਬਰ-ਤਿਆਰ ਹੈ । ਉਨ੍ਹਾਂ ਕਿਹਾ ਕਿ ਭਾਰਤੀ ਫੌਜ ਦੀਆਂ ਟੀਮਾਂ ਵੀ ਧੈਂਗੜਪੁਰ, ਬੇਲਾ ਤਾਜੋਵਾਲ ਅਤੇ ਤਲਵੰਡੀ ਸ਼ੀਬੂ ਬੰਨ੍ਹ ਵਿਖੇ ਲਗਾਤਾਰ ਨਜ਼ਰਸਾਨੀ ਕਰਦੀਆਂ ਹੋਈਆਂ ਪਿੰਡਾਂ ਦੇ ਵਸਨੀਕਾਂ ਨੂੰ ਤਕਨੀਕੀ ਢੰਗ ਨਾਲ ਬੰਨ੍ਹਾਂ ਨੂੰ ਹੋਰ ਮਜਬੂਤ ਕਰਨ ਨੂੰ ਯਕੀਨੀ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੀਤੀ ਰਾਤ ਮੰਡਾਲਾ-ਤਾਜੇਵਾਲ ਬੰਨ੍ਹ ’ਤੇ ਸਪਰ ’ਤੇ ਪਾਣੀ ਦਾ ਦਬਾਅ ਪੈਂਣ ਨਾਲ ਥੋੜ੍ਹੀ ਜਿਹੀ ਸਥਿਤੀ ਬਣ ਗਈ ਸੀ ਜਿਸ ਨੂੰ ਪਿੰਡ ਵਾਸੀਆਂ ਦੇ ਭਰਵੇਂ ਸਹਿਯੋਗ ਨਾਲ ਸਮੇਂ ਸਿਰ ਕੰਟਰੋਲ ਕਰ ਲਿਆ ਗਿਆ ਅਤੇ ਹੁਣ ਹਾਲਾਤ ਬਿਹਤਰ ਹਨ । ਉਨ੍ਹਾਂ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੂੰ ਲਗਾਤਾਰ ਨਾਜ਼ੁਕ ਥਾਵਾਂ ਦੀ ਨਜਰਸਾਨੀ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਕਿਸੇ ਵੀ ਹੰਗਾਮੀ ਹਾਲਤ ਨਾਲ ਸੁੱਚਜੇ ਢੰਗ ਨਾਲ ਨਜਿੱਠਿਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੁਪਹਿਰ ਸਮੇਂ ਭਾਰਤੀ ਫੌਜ ਦੇ ਅਧਿਕਾਰੀਆਂ ਅਤੇ ਪ੍ਰਸ਼ਾਸ਼ਨਿਕ ਟੀਮਾਂ ਸਮੇਤ ਤਲਵੰਡੀ ਸ਼ੀਬੂ ਬੰਨ੍ਹ ’ਤੇ ਚੱਲ ਰਹੇ ਕਾਰਜਾਂ ਦੀ ਸਮੀਖੀਆ ਕਰਦਿਆਂ ਦੱਸਿਆ ਕਿ ਬੀਤੀ ਦੇਰ ਰਾਤ ਪਾਣੀ ਦੇ ਤੇਜ ਵਹਾਅ ਕਾਰਨ ਬੰਨ੍ਹ ਨੂੰ ਢਾਅ ਲੱਗੀ ਜਿਸ ’ਤੇ ਪ੍ਰਸ਼ਾਸ਼ਨ ਅਤੇ ਪਿੰਡ ਵਾਸੀਆਂ ਨੇ ਫੌਰੀ ਕੰਮ ਕਰਦਿਆਂ ਬੰਨ੍ਹ ਨੂੰ ਹੋਰ ਢਾਅ ਲੱਗਣ ਤੋਂ ਬਚਾਇਆ । ਉਨ੍ਹਾ ਕਿਹਾ ਕਿ ਪਿੰਡਾਂ ਦੇ ਵਸਨੀਕਾਂ ਦਾ ਇਸ ਔਖੇ ਸਮੇਂ ਵਿੱਚ ਮਾਰੇ ਹੰਭਲੇ ਅਤੇ ਦਿੱਤਾ ਸਾਥ ਬੇਹੱਦ ਸ਼ਲਾਘਾਯੋਗ ਹੈ ਜਿਸ ਲਈ ਪ੍ਰਸ਼ਾਸ਼ਨ ਸਾਰਿਆਂ ਦਾ ਰਿਣੀ ਹੈ । ਪਿੰਡ ਵਾਸੀਆਂ ਵੱਲੋਂ ਬੰਨ੍ਹ ਦੀ ਮਜਬੂਤੀ ਦੇ ਕਾਰਜਾਂ ਲਈ ਰੱਖੀਆਂ ਮੰਗਾਂ ਨੂੰ ਗਹੁ ਨਾਲ ਸੁਣਣ ਉਪਰੰਤ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਮੌਕੇ ’ਤੇ ਹੀ ਨਿਰਦੇਸ਼ ਦਿੰਦਿਆਂ ਲੋੜੀਂਦਾ ਸਾਜੋ-ਸਾਮਾਨ ਉਪਲਬਧ ਕਰਵਾਇਆ । ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਲ੍ਹੇ ਵਿੱਚ ਲਗਭਗ ਸਾਰੀਆਂ ਥਾਵਾਂ ਬੇਲਾ ਤਾਜੋਵਾਲ, ਤਾਜੇਵਾਲ ਮੰਡਾਲਾ, ਧੈਂਗੜਪੁਰ ਅਤੇ ਤਲਵੰਡੀ ਸ਼ੀਬੂ ਵਿਖੇ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਵਿੱਚ ਹੈ ।ਇਸ ਉਪਰੰਤ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਸਮੇਤ ਪੰਦਰਾਵਲ, ਬੁਰਜ ਟਹਿਲ ਦਾਸ ਵਖੇ ਬੰਨ੍ਹ ਦੀ ਸਥਿਤੀ ਦਾ ਵੀ ਜਾਇਜ਼ਾ ਲਿਆ ਅਤੇ ਜ਼ਿਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਮੌਜੂਦਾ ਸਮੇਂ ਬੰਨ੍ਹਾਂ ਦੀ ਸਥਿਤੀ ਬਿਲਕੁਲ ਠੀਕ-ਠਾਕ ਹੈ ਜਿਸ ਲਈ ਉਨ੍ਹਾਂ ਨੂੰ ਕਿਸੇ ਵੀ ਗੱਲ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ।

for more news visit:
www.samajweekly.com

# ਅਕਾਲੀਆਂ ਅਤੇ ਕਾਂਗਰਸੀਆਂ ਨੂੰ ਝਟਕਾ ਦੇਣ ਵਾਲੀ ਵਿਧਾਇਕਾ ਬੀਬੀ ਅੱਜ ਖੁਦ ਹੋਈ ਝਟਕੇ ਦਾ ਸ਼ਿਕਾਰ

**ਪਿਛਲੇ 12 ਸਾਲਾਂ ਤੋਂ 'ਆਪ' ਵਿੱਚ ਸੇਵਾ ਨਿਭਾ ਰਹੇ ਪੰਮਾ ਚਾਹਲ ਨੇ ਕਾਂਗਰਸ ਦਾ ਹੱਥ ਫੜਿਆ**

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)**

ਹਾਲ ਹੀ ਵਿੱਚ ਨਕੋਦਰ ਹਲਕੇ ਦੀ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਦੀ ਅਗਵਾਈ ਹੇਠ ਨੂਰਮਹਿਲ ਸ਼ਹਿਰ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨਾਲ ਸਬੰਧਤ ਸੈਂਕੜੇ ਅਕਾਲੀਆਂ ਅਤੇ ਕਾਂਗਰਸੀਆਂ ਨੇ ਝਾੜੂ ਦਾ ਪੱਲਾ ਫੜਿਆ ਸੀ। 'ਆਪ' ਹੌਲੀ-ਹੌਲੀ ਨੂਰਮਹਿਲ ਸ਼ਹਿਰ ਵਿੱਚ ਆਪਣੀ ਪਕੜ ਮਜ਼ਬੂਤ ਕਰ ਰਹੀ ਸੀ, ਪਰ ਇਸ ਦੌਰਾਨ ਅੱਜ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਪਾਰਟੀ ਦੇ ਸਭ ਤੋਂ ਪੁਰਾਣੇ ਸਾਥੀ ਪਰਮਜੀਤ ਉਰਫ਼ ਪੰਮਾ ਚਾਹਲ ਜੌ ਕਿ ਪਿਛਲੇ ਬਾਰਾਂ ਸਾਲਾਂ ਤੋਂ ਤਨ ਮਨ ਅਤੇ ਧਨ ਨਾਲ ਪਾਰਟੀ ਦੀ ਸੇਵਾ ਕਰ ਰਹੇ ਸਨ ਨੇ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਨਾ ਮਿਲਦਾ ਦੇਖ ਕਾਂਗਰਸ ਨਾਲ ਹੱਥ ਮਿਲਾ ਲਿਆ। ਚਾਹਲ ਦੇ ਨਿਵਾਸ ਸਥਾਨ 'ਤੇ ਹੋਏ ਪ੍ਰੋਗਰਾਮ ਵਿੱਚ ਪਹੁੰਚੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਅਤੇ ਨਕੋਦਰ ਹਲਕਾ ਇੰਚਾਰਜ ਡਾ. ਨਵਜੋਤ ਸਿੰਘ ਦਾਹੀਆ ਨੇ ਇੱਕ ਭਰੇ ਇਕੱਠ ਵਿੱਚ ਪਰਮਜੀਤ ਉਰਫ਼ ਪੰਮਾ ਚਾਹਲ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ। ਪੰਡਾਲ ਕਾਂਗਰਸ ਪਾਰਟੀ ਅਤੇ ਚਰਨਜੀਤ ਚੰਨੀ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗੂੰਜ ਉੱਠਿਆ। ਪਾਰਟੀ ਆਗੂਆਂ ਨੇ ਕਿਹਾ ਕਿ



**ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਪੰਮਾ ਚਾਹਲ ਨੂੰ ਵਧਾਈ ਦਿੰਦੇ ਚੰਨੀ, ਦਹੀਆ ਅਤੇ ਕਾਂਗਰਸੀ ਆਗੂ ਤੇ ਵਰਕਰ।**

ਪੰਮਾ ਚਾਹਲ ਨੂੰ ਪੂਰਾ ਸਤਿਕਾਰ ਮਿਲੇਗਾ ਅਤੇ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਵਿੱਚ ਪਾਰਟੀ ਨੂੰ ਵੱਡਾ ਲਾਭ ਮਿਲੇਗਾ। ਵੱਖ-ਵੱਖ ਪਿੰਡਾਂ ਤੋਂ ਆਏ ਕਈ ਸਾਥੀ ਵੀ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਸਾਰਿਆਂ ਨੇ ਪੰਜਾਬ ਦੀ ਭਲਾਈ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ। ਇਸ ਸਮੇਂ ਸ਼ਹਿਰੀ ਪ੍ਰਧਾਨ ਸੰਦੀਪ ਅਰੋੜਾ, ਕੌਂਸਲਰ ਜੰਗ ਬਹਾਦੁਰ ਕੋਹਲੀ, ਸੀਨੀਅਰ ਆਗੂ ਰਾਕੇਸ਼ ਕਲੇਰ, ਚਰਨ ਸਿੰਘ ਰਾਜੋਵਾਲ, ਅਵਤਾਰ ਸਿੰਘ ਸ਼ਮਸ਼ਾਬਾਦ, ਸੀਨੀਅਰ ਕਾਂਗਰਸੀ ਆਗੂ ਨੰਬਰਦਾਰ ਅਸ਼ੋਕ ਸੰਧੂ, ਜਗਦੀਸ਼ ਸਿੰਘ ਰਾਮੇਵਾਲ, ਸਾਬਕਾ ਕੌਂਸਲਰ ਬਲਵਿੰਦਰ ਕੁਮਾਰ ਬਾਲੂ, ਜਤਿੰਦਰ ਨਈਅਰ, ਮਨੀਸ਼ ਸਰਪੰਚ, ਹਰਜੀਤ ਸਿੰਘ ਗਹੀਰ, ਕੌਂਸਲਰ ਦੀਪਕ ਕੁਮਾਰ, ਸਰਪੰਚ ਅਮਨਦੀਪ ਸਿੰਘ ਦਿਓਲ, ਹਰਮੇਸ਼ ਲਾਲ ਉਰਫ ਮਿੰਟਾ ਕਲੇਰ, ਜਸਵੀਰ ਸਹਿਜਲ, ਮੰਥਨ ਕਲੇਰ, ਨਗਰ ਕੌਂਸਲ ਪ੍ਰਧਾਨ ਬੀਬੀ ਹਰਦੀਪ ਕੌਰ ਜੌਹਲ, ਮੈਡਮ ਸੁਮਨ ਪਾਠਕ, ਬੀਬੀ ਸੁਰਜੀਤ ਕੌਰ, ਮੰਗਤ ਸਿੰਘ, ਨੰਬਰਦਾਰ ਅਮਰਜੀਤ ਸਿੰਘ, ਸਾਬਕਾ ਸਰਪੰਚ ਮੋਹਨ ਲਾਲ, ਕੁਲਵਿੰਦਰ ਸਿੰਘ ਸੁੰਨੜ, ਸੁਭਾਸ਼ ਸੌਧੀ ਆਦਿ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਅਤੇ ਵਰਕਰ ਹਾਜ਼ਰ ਸਨ।

# ਸਰਕਾਰ ਤੋਂ ਮੰਗ ਕੀਤੀ ਕਿ ਮਜ਼ਦੂਰਾਂ ਅਤੇ ਕਿਸਾਨਾਂ ਦੀ ਹਾਲਤ ਵੱਲ ਦੇਖਦਿਆਂ ਇਨ੍ਹਾਂ ਨੂੰ ਸਹਾਇਤਾ ਦਿੱਤੀ ਜਾਵੇ : ਪ੍ਰਵੀਨ ਬੰਗਾ

**ਬੰਗਾ (ਚਰਨਜੀਤ ਸੱਲ੍ਹਾਂ )** ਕੁਦਰਤ ਦੀ ਕਰੋਪੀ ਦਾ ਸ਼ਿਕਾਰ ਬੰਗਾ ਹਲਕੇ ਦੇ ਗਰੀਬ ਲੋਕਾਂ ਦੇ ਵਿਹੜਿਆਂ ਵਿੱਚ ਲਗਾਤਾਰ ਪਹੁੰਚਕੇ ਉਨ੍ਹਾਂ ਨੂੰ ਬਸਪਾ ਦੀ ਲੀਡਰਸ਼ਿਪ ਵਲੋਂ ਦਿਲਾਸਾ ਦਿੱਤਾ ਪੰਜਾਬ ਸਰਕਾਰ ਤੋ ਰਾਹਤ ਕਾਰਜਾਂ ਵਿੱਚ ਤੇਜੀ ਲਿਆਉਣ ਦੀ ਮੰਗ ਕੀਤੀ ਦਿਹਾੜੀਦਾਰ ਪਰਿਵਾਰਾਂ ਦੀ ਹਾਲਤ ਚਿੰਤਾਜਨਕ ਰੋਟੀ ਤੇ ਮੁਹਤਾਜ਼ ਹਨ ਪੀੜਤ ਪਰਿਵਾਰਾਂ ਨੂੰ ਉਚਿਤ ਮੁਆਵਜ਼ਾ ਦਿਵਾਉਣ ਲਈ ਪ੍ਰਸ਼ਾਸਨ ਨੂੰ ਜਲਦੀ ਤੋ ਜਲਦੀ ਰਿਪੋਰਟਾਂ ਭੇਜਣ ਲਈ ਆਖਿਆ ਕੁਦਰਤ ਦੀ ਕਰੋਪੀ ਦੀ ਮਾਰ ਝਲ ਰਹੇ ਪਰਿਵਾਰਾਂ ਨਾਲ ਸਰਕਾਰ ਤੇ ਪ੍ਰਸ਼ਾਸਨ ਵਲੋਂ ਵਿਤਕਰਾ ਹੋਇਆ ਤਾ ਬਸਪਾ ਸਹਿਣ ਨਹੀਂ ਕਰੇਗੀ ਔਖੇ ਸਮੇਂ ਵਿੱਚ ਸਮਾਜਿਕ ਸੰਸਥਾਵਾਂ ਵਲੋਂ ਕੀਤੇ



**ਬਸਪਾ ਪੰਜਾਬ ਹੜ੍ਹ ਪੀੜਤਾਂ ਦੇ ਨਾਲ ਡੱਟ ਕੇ ਖੜ੍ਹੀ**

ਜਾ ਰਹੇ ਸਹਿਯੋਗ ਲਈ ਧੰਨਵਾਦ ਪ੍ਰਵੀਨ ਬੰਗਾ, ਅਸ਼ੋਕ ਕੁਮਾਰ ਸਾਬਕਾ ਸਰਪੰਚ, ਵਿਜੇ ਗੁਣਾਚੌਰ ਜ਼ਿਲ੍ਹਾ ਸਕੱਤਰ, ਸੁਰਜੀਤ ਝੰਡੇਰਾ ਐਨ ਆਰ ਆਈ, ਸਤਪਾਲ ਰਟੈਂਡਾ ਪ੍ਰਧਾਨ, ਕੁਲਦੀਪ ਬਹਿਰਾਮ, ਹਰਜਿੰਦਰ ਸਿੰਘ ਬਲਾਕ ਸੰਮਤੀ ਮੈਂਬਰ,ਹੈਪੀ ਚੇਤਾ ਅਤੇ ਹੋਰ ਕਈ ਪਿੰਡਾਂ ਦੇ ਨੌਜਵਾਨ ਵਰਕਰ ਹਾਜ਼ਰ ਸਨ।

## ਬੇਨਤੀ ਸਹਿਤ ਸੂਚਨਾ

ਪੰਜਾਬੀ ਸਾਹਿਤ ਸਭਾ ਦੇ ਸਮੂਹ ਮੈਂਬਰਾਂ ਨੂੰ ਦੱਸਿਆ ਜਾਂਦਾ ਹੈ ਆਪਣੇ ਦਫ਼ਤਰ ਦੇ ਹਾਲ , ਰਸੋਈ , ਬਾਥਰੂਮ ਅਤੇ ਵਿਹੜੇ ਵਿੱਚ ਸੀਵਰੇਜ ਦਾ ਪਾਣੀ ਫ਼ਿਰ ਜਾਣ ਕਾਰਨ ਇਸ ਵਾਰੀ ਦੀ ਮਹੀਨਾਵਾਰ ਸਾਹਿਤਕ ਇਕੱਤਰਤਾ ਕੁੱਝ ਸਮੇਂ ਲਈ ਅੱਗੇ ਪਾਈ ਜਾਂਦੀ ਹੈ । ਅਗਲੀ ਇਕੱਤਰਤਾ ਦੀ ਮਿਤੀ ਮੌਸਮ ਵਿਭਾਗ ਦੀ ਪੇਸ਼ੀਨਗੋਈ ਅਨੁਸਾਰ ਬਾਅਦ ਵਿੱਚ ਰੱਖੀ ਅਤੇ ਦੱਸ ਦਿੱਤੀ ਜਾਵੇਗੀ , ਇਸ ਲਈ 07 ਸਤੰਬਰ ਐਤਵਾਰ ਨੂੰ ਮੀਟਿੰਗ ਨਹੀਂ ਹੋਵੇਗੀ ।
ਧੰਨਵਾਦ ।

**ਚਰਨਜੀਤ ਮੀਮਸਾ ਜਨਰਲ ਸਕੱਤਰ ।**

## ਅਧਿਆਪਕ

ਮੈ ਸੁੰਨੀਆਂ ਰਾਹਾਂ ਤੇ
ਭਟਕ ਰਿਹਾ ਹੁੰਦਾ
ਜੇ ਮੇਰੇ ਅਧਿਆਪਕ ਨੇ
ਹੱਥ ਮੇਰਾ ਨਾ ਫੜਿਆ ਹੁੰਦਾ।
ਪੂਰੀ ਕਾਇਨਾਤ ਗਵਾਹ ਐ
ਜ਼ਿੰਦਗੀਆਂ ਬਣਾਉਣ ਦਾ ਕੰਮ
ਅਧਿਆਪਕਾਂ ਦੇ ਨਾਂ ਐ।
ਕੋਰੇ ਕਾਗਜ਼ ਤੇ ਚਿੱਤਰ ਵਾਵੇ
ਯੋਗਤਾ ਦੇਖ ਮਹਾਨ ਬਣਾਵੇ
ਅਧਿਆਪਕ ਆਪਣਾ ਕੰਮ
ਇਹ ਬਾਖ਼ੂਬ ਨਿਭਾਵੇ।
ਔਖੇ ਰਾਹਾਂ ਨੂੰ ਸੌਖਾ
'ਤੇ ਨੇਰੇ 'ਚ ਜੁਗਨੂੰ ਬਣ ਆਵੇ।
ਹਰ ਮੋੜ ਤੇ ਅਧਿਆਪਕ
ਨਵਾਂ ਤੇ ਸੁਖਾਵਾਂ ਰਾਹ ਦਿਖਾਵੇ।
ਕਦੇ ਕਦੇ ਵਕ਼ਤ ਵੀ
ਅਧਿਆਪਕ ਦਾ ਰੋਲ ਨਿਭਾਵੇ
ਸਬਕ਼ ਵੀ ਸਿਖਾਵੇ
ਨਾਲ ਵਹਿਮ ਦਾ ਪਰਦਾ ਵੀ ਹਟਾਵੇ।
ਭਾਵੇਂ ਟੈਕਨਾਲੋਜੀ ਦਾ ਸੰਸਾਰ ਐ
ਪਰ ਗੁਰੂ ਬਿਨ ਨਾ ਗਿਆਨ ਐ
ਦੁਨੀਆਂ ਦੇ ਸਾਰੇ ਅਧਿਆਪਕਾਂ ਨੂੰ
ਮੇਰਾ ਸਤਿ ਸਤਿ ਪ੍ਰਣਾਮ ਐ ।



**ਲਿਖਤ: ਰਜਨੀ ਦੇਵੀ (ਖਨੌਰੀ)**
**ਈ ਟੀ ਟੀ ਅਧਿਆਪਕਾ**
**ਸ ਪ੍ਰ ਸ ਢੰਡੋਲੀ ਕਲਾਂ**

## ਕਰੋਪੀ ( ਗੀਤ )

ਥਾਂ ਥਾਂ 'ਤੇ ਮਨੁੱਖਤਾ ਵਿਰਕ ਰਹੀ ,
ਜਿੰਦ ਭੁੱਖ ਦੀ ਮਾਰੀ ਤਿਲ੍ਹਕ ਰਹੀ ।
ਬੁਰੀ ਹਾਲਤ ਪਸ਼ੂਆਂ ਪੰਛੀਆਂ ਦੀ ,
ਗੱਲ ਸੋਚ ਵਿਚਾਰਾਂ ਦੀ ।
ਕੁੱਝ ਹੋਈ ਕਰੋਪੀ ਕੁਦਰਤ ਦੀ ,
ਕੁੱਝ ਹੈ ਸਰਕਾਰਾਂ ਦੀ ।

ਜਦ ਸੋਸ਼ਲ ਮੀਡੀਆ ਉੱਪਰ ਵੇਖੀਏ ਹਾਲ ਗ਼ਰੀਬਾਂ ਦਾ ।
ਕੀ ਦੋਸ਼ ਭਲਾਂ ਹੈ ਇਹਨਾਂ ਵਿਚਾਰਿਆਂ ਬਦਨਸੀਬਾਂ ਦਾ।
ਲਈਏ ਲੋੜਵੰਦਾਂ ਤੇ ਭੁੱਖਿਆਂ ਦੇ ਨਾ਼ਲ ਸਾਰ ਬੀਮਾਰਾਂ ਦੀ ।
ਕੁੱਝ ਹੋਈ ਕਰੋਪੀ -------------

ਬੰਦਾ ਲਾਲਚ ਦੇ ਵਿੱਚ ਕੁਦਰਤ ਨਾ਼ਲ ਖਿਲਵਾੜ ਜਦੋਂ ਕਰਦੈ।
ਕੋਈ ਗ਼ੈਰ ਕੁਦਰਤੀ ਅਪਣੇ ਲਈ ਜੁਗਾੜ ਜਦੋਂ ਕਰਦੈ ।
ਫ਼ਿਰ ਕਰਦਾ ਨਾ ਪ੍ਰਵਾਹ ਕੋਈ ਕੰਡਿਆਲੀਆਂ ਤਾਰਾਂ ਦੀ।
ਕੁੱਝ ਹੋਈ ਕਰੋਪੀ ---------------

ਹਾਕਮ ਅੱਗ ਲੱਗੀ ਤੋਂ ਮਸ਼ਕਾਂ ਦਾ ਭਾਅ ਪੁੱਛਣ ਲਗਦੇ ਨੇ ।
ਫ਼ਿਰ ਹੌ਼ਲੀ ਹੌ਼ਲੀ ਦੁੱਖ ਤਕਲੀਫ਼ਾਂ ਬੁੱਝਣ ਲਗਦੇ ਨੇ ।
ਉੱਪਰੋਂ ਸੈਂਟਰ ਕਰਦਾ ਰਹਿੰਦਾ ਏ ਗੱਲ ਨਕਦ ਉਧਾਰਾਂ ਦੀ।
ਕੁੱਝ ਹੋਈ ਕਰੋਪੀ ----------------

ਭਾਵੇਂ ਹਿੰਦੋਸਤਾਂ ਭਾਵੇਂ ਪਾਕਿਸਤਾਂ ਹਨ ਜਾਨਾਂ ਇੱਕੋ 'ਜੀਆਂ।
ਹਾਕਮ ਵੱਖੋ ਵੱਖ ਨੇ ਜਨਤਾ ਦੀਆਂ ਹਨ ਸ਼ਾਨਾਂ ਇੱਕੋ 'ਜੀਆਂ।
ਗੱਲ ਹੈ ਇਨਸਾਨੀਅਤ ਦੀ ਮਿੱਤਰੋ ਨਈਓਂ ਜਿੱਤਾਂ ਹਾਰਾਂ ਦੀ ।
ਕੁੱਝ ਹੋਈ ਕਰੋਪੀ ------------------

ਹੁਣ ਸਾਡਾ ਫ਼ਰਜ਼ ਕੀ ਬਣਦੈ ਅਪਣਾ ਫ਼ਰਜ਼ ਪਛਾਣ ਲਈਏ ।
ਜਿਵੇਂ ਬੂੰਦ ਬੂੰਦ ਨਾ਼ਲ ਭਰ ਜਾਂਦੈ ਦਰਿਆ ਇਹ ਜਾਣ ਲਈਏ।
ਇਹ ਕੁਦਰਤ ਕਦੇ ਨਾ ਕੀਮਤ ਪੁੱਛਦੀ ਕੋਠੀਆਂ ਕਾਰਾਂ ਦੀ।
ਕੁੱਝ ਹੋਈ ਕਰੋਪੀ ---------------

ਸੱਚੀਆਂ ਲਿਖੇ ਰੰਚਣਾਂ ਵਾ਼ਲਾ ਏਕੇ ਦਾ ਲੜ ਛੱਡੀਏ ਨਾ ।
ਇਹ ਹਮਦਰਦੀ ਇਨਸਾਨਾਂ ਲਈ ਤਨ ਮਨ 'ਚੋਂ ਕੱਢੀਏ ਨਾ।
ਹੁਣ ਪਰਖ਼ੀ ਜਾਣੀ ਯਾਰੀ ਟੋਪੀਆਂ ਤੇ ਦਸਤਾਰਾਂ ਦੀ ।
ਕੁੱਝ ਹੋਈ ਕਰੋਪੀ ----------------



**ਮੂਲ ਚੰਦ ਸ਼ਰਮਾ ਮੈਂਬਰ ,**
**ਸੀਨੀਅਰ ਸਿਟੀਜਨ ਵੈਲਫ਼ੇਅਰ ਐਸੋਸੀਏਸ਼ਨ**
**ਧੂਰੀ ਜ਼ਿਲ੍ਹਾ ਸੰਗਰੂਰ।**
**9914836037**

## ਲੋਕੀ ਸਭ ਜਾਣਦੇ ਆ

ਟੌਹਰ ਟੱਪਾ ਪੂਰਾ ਤੇ ਬਣੀ ਹੋਈ ਰਕਾਨ ਸੀ
ਦਿਲ ਵਿਚ ਲੈ ਕੇ ਆਈ ਡਾਢੇ ਅਰਮਾਨ ਸੀ
ਸਾਰੀ ਹੀ ਕਹਾਣੀ ਪਹਿਲਾਂ ਕੀਤੀ ਫਿੱਟ ਜੀ
ਕੰਨਾਂ ਵਿੱਚ ਝੁੱਮਕੇ ਸਿਰ ਤੇ ਕਲਿੱਪ ਸੀ


ਪ੍ਰਭਾਵਿਤ ਹੜ੍ਹਾਂ ਤੋਂ ਮਾਰੀ ਵਖਤ ਦੀ ਹੋਈ ਆ
ਲੱਗਕੇ ਕੇ ਤੁਹਾਡੇ ਗੱਲ ਧਾਹਾਂ ਮਾਰ ਰੋਈ ਆ
ਆਖਦੇ ਆ ਲੋਕ ਮਾਇਡ ਕੀਤਾ ਸੈਟ ਜੀ
ਕੰਨਾਂ ਵਿੱਚ ਝੁੱਮਕੇ ਸਿਰ ਤੇ ਕਲਿੱਪ ਸੀ

ਮਾਝਾ ਮਾਲਵਾ ਤੇ ਹੁਣ ਭਾਵੇਂ ਦੁਆਬ ਆ
ਸਿੱਖ ਗਿਆ ਭਾਈ ਹੁਣ ਸਾਰਾ ਈ ਪੰਜਾਬ ਆ
ਕੱਲਾ ਕੱਲਾ ਬੰਦਾ ਜਾਣੇ ਸਾਰੇ ਹੀ ਕਬਿੱਤ ਜੀ
ਕੰਨਾਂ ਵਿੱਚ ਝੁੱਮਕੇ ਸਿਰ ਤੇ ਕਲਿੱਪ ਸੀ

ਗੁਰਮੀਤ ਡੁਮਾਣੇ ਵਾਲੇ ਅਵਾਮ ਸਾਰੀ ਜਾਣਦੀ
ਵਾਕਿਫ਼ ਰਗ ਰਗ ਤੋਂ ਇਹ ਨਵਜ ਪਛਾਣਦੀ
ਕਿਵੇ ਰਾਜਨੀਤੀ ਵਿੱਚ, ਹੁੰਦੀ ਗਿਟ ਮਿਟ ਜੀ
ਕੰਨਾਂ ਵਿੱਚ ਝੁੱਮਕੇ ਸਿਰ ਤੇ ਕਲਿਊਪ ਸੀ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ, ਜਲੰਧਰ**



# ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਜਿਨਾਂ ਦਾ ਜਨਮ ਅਧਿਆਪਕ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ ਅੱਜ ਸੱਚਖੰਡ ਐਕਸਪ੍ਰੈਸ ਚੱਲਦੀ ਟ੍ਰੇਨ ਵਿੱਚ ਡਾ: ਹਰਜੀਤ ਕੌਰ ਟੀਚਰ ਦਾ ਸਨਮਾਨ ਕਰਕੇ ਮਨਾਇਆ

## ਡਾਕਟਰ ਹਰਜੀਤ ਕੌਰ ਨੂੰ "ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ" ਪੁਸਤਕ ਭੇਂਟ ਕੀਤੀ ਅਤੇ ਕੇਕ ਕੱਟਿਆ ਗਿਆ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)**– ਅੱਜ ਸੱਚਖੰਡ ਐਕਸਪ੍ਰੈਸ ਟਰੇਨ ਜੋ ਹਜ਼ੂਰ ਸਾਹਿਬ ਨਾਂਦੇੜ ਤੋਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ ਮਿਲਾਪ ਦਿਹਾੜਾ ਮਨਾ ਕੇ ਕ੍ਰਿਸ਼ਨ ਕੁਮਾਰ ਬਾਵਾ ਪ੍ਰਧਾਨ ਅੰਤਰਰਾਸ਼ਟਰੀ ਫਾਊਂਡੇਸ਼ਨ ਅਤੇ ਕਨਵੀਨਰ ਯਾਤਰਾ ਤਰਲੋਚਨ ਸਿੰਘ ਬਿਲਾਸਪੁਰ ਦੀ ਰਹਿਨੁਮਾਈ ਹੇਠ ਇਤਿਹਾਸਿਕ ਦਿਹਾੜਾ ਮਨਾ ਕੇ ਆ ਰਹੇ ਸਨ ਤਾਂ ਜਥੇ ਨਾਲ ਹਰਿਆਣਾ ਦੇ ਟੀਚਰ ਡਾ: ਹਰਜੀਤ ਕੌਰ ਦਾ ਸਨਮਾਨ ਕਰਕੇ ਅਤੇ ਅਧਿਆਪਕ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਤੇ ਆਧਾਰਿਤ ਪੁਸਤਕ "ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ" ਭੇਂਟ ਕੀਤੀ ਗਈ ਅਤੇ ਕੇਕ ਕੱਟਿਆ ਗਿਆ।

ਇਸ ਸਮੇਂ ਸ੍ਰੀ ਬਾਵਾ ਨੇ ਕਿਹਾ ਕਿ ਡਾਕਟਰ ਸਰਵਪੱਲੀ ਰਾਧਾ ਕ੍ਰਿਸ਼ਨਨ ਜੋ ਭਾਰਤ ਦੇ ਰਾਸ਼ਟਰਪਤੀ ਰਹੇ ਉਨਾਂ ਦਾ ਜਨਮ-ਦਿਨ ਟੀਚਰ ਡੇਅ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਉਹਨਾਂ ਕਿਹਾ ਕਿ ਮਾਤਾ ਪਿਤਾ ਤੋਂ ਬਾਅਦ ਅਧਿਆਪਕ ਹੀ ਹੈ ਜੋ ਜ਼ਿੰਦਗੀ ਦੇ ਹਰ ਖੇਤਰ ਦਾ ਗਿਆਨ ਵਿਦਿਆਰਥੀ ਨੂੰ ਪ੍ਰਦਾਨ ਕਰਦਾ ਹੈ। ਉਹਨਾਂ ਕਿਹਾ ਕਿ ਅੱਜ ਦਾ ਦਿਨ ਸਾਨੂੰ ਸੰਦੇਸ਼ ਅਤੇ ਉਪਦੇਸ਼ ਦੇ ਰਿਹਾ ਹੈ। ਅੱਜ ਦੇਖਿਆ ਜਾਂਦਾ ਹੈ ਜਿਸ ਟੀਚਰ ਨੂੰ ਗੁਰੂ ਦਾ ਦਰਜਾ ਸਮਾਜ ਅੰਦਰ ਸੀ ਉਹ ਨਹੀਂ ਰਿਹਾ ਪਰ ਟੀਚਰਾਂ ਵੱਲੋਂ ਵੀ ਵਿੱਦਿਆ ਮੁੱਲ ਵੇਚਣੀ ਅਤੇ ਇਸ ਨੂੰ ਵਪਾਰ ਬਣਾਉਣਾ ਵੀ ਮੰਦਭਾਗਾ ਹੈ।

ਇਸ ਸਮੇਂ ਡਾ: ਹਰਜੀਤ ਕੌਰ ਨੇ ਸਭ ਦਾ ਧੰਨਵਾਦ ਕੀਤਾ। ਇਸ ਸਮੇਂ ਦੀਪ ਲੁਧਿਆਣਵੀ ਪੰਥਕ ਕਵੀ, ਨਿਰਮਲ ਸਿੰਘ ਲਾਪਰਾਂ, ਕੈਪਟਨ ਹਰਬੰਸ ਸਿੰਘ, ਅਮਨਦੀਪ ਬਾਵਾ, ਅਵੀ ਬਾਵਾ, ਦਵਿੰਦਰ ਸਿੰਘ, ਅਸ਼ੋਕ ਖੇੜਾ, ਸਾਬਕਾ ਸਰਪੰਚ ਹੰਬੜਾਂ ਬਲਵੰਤ ਸਿੰਘ, ਰਮਨਦੀਪ ਕੌਰ, ਹਰਮਨ ਸਿੰਘ, ਹਰਪ੍ਰੀਤ ਸਿੰਘ, ਸਵਰਨ ਸਿੰਘ, ਗੁਰਬਾਗ ਸਿੰਘ, ਨੇਹਾ ਕੌਰ, ਦਿਲਦਾਰ ਸਿੰਘ, ਮਨੀ ਦਾਖਾ ਆਦਿ ਹਾਜ਼ਰ ਸਨ।

# ਨਜਾਇਜ਼ ਮਾਈਨਿੰਗ ਕਾਰਨ ਬੰਨ੍ਹ ਟੁੱਟਣ ਕਿਨਾਰੇ- : ਮਿੱਠੂ ਚੱਡਾ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਭਾਜਪਾ ਯੁਥ ਵਿੰਗ ਦੇ ਨੌਜਵਾਨ ਆਗੂ ਮ੍ਰਿਗਵੀਰ ਸਿੰਘ ਮਿੱਠੂ ਚੱਡਾ ਨੇ ਸੂਬਾ ਸਰਕਾਰ ਨੂੰ ਨਜਾਇਜ਼ ਮਾਈਨਿੰਗ ਦੇ ਮਾਮਲੇ ਵਿੱਚ ਘੇਰਦਿਆਂ ਕਿਹਾ ਕਿ ਬੰਨ੍ਹ ਟੁੱਟਣ ਦੀ ਮੁੱਖ ਵਜ੍ਹਾ ਦਰਿਆਵਾਂ ਵਿੱਚੋਂ ਗੈਰਕਾਨੂੰਨੀ ਖੁਦਾਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਪਿਛਲੇ ਲੰਮੇ ਸਮੇਂ ਤੋਂ ਉਹ ਦਰਿਆਵਾਂ ਵਿੱਚੋਂ ਹੋ ਰਹੀ ਨਜਾਇਜ਼ ਮਾਈਨਿੰਗ ਵਿਰੁੱਧ ਆਵਾਜ਼ ਉਠਾਉਂਦੇ ਆ ਰਹੇ ਹਨ ਪਰ ਸੂਬਾ ਸਰਕਾਰ ਅਤੇ ਸੰਬੰਧਿਤ ਮਹਿਕਮੇ ਦੇ ਕਿਸੇ ਵੀ ਅਧਿਕਾਰੀਆਂ ਨੇ ਇਸ ਵੱਲ ਨਾ ਤਾਂ ਕੋਈ ਧਿਆਨ ਦਿੱਤਾ ਤੇ ਨਾ ਕੋਈ ਕਾਰਵਾਈ ਕੀਤੀ। ਮਿੱਠੂ ਚੱਡਾ ਨੇ ਕਿਹਾ ਕਿ ਸਰਕਾਰ ਦੀ ਲਾਪਰਵਾਹੀ ਕਾਰਨ ਅੱਜ ਸਤਲੁਜ ਦਰਿਆ ਕੰਢੇ ਜ਼ਿਲ੍ਹਾ ਲੁਧਿਆਣਾ ਵਿਖੇ ਰਹਿੰਦੇ ਲੋਕ ਮੁਸੀਬਤ ਦਾ ਸਾਹਮਣਾ ਕਰ ਰਹੇ ਹਨ। ਲੋਕਾਂ ਦਾ ਵਿਰੋਧ ਵਧਣ ਤੋਂ ਬਾਅਦ ਹੀ ਹੁਣ ਪ੍ਰਸ਼ਾਸਨ ਜਾਗਿਆ ਹੈ, ਜਦਕਿ ਹਕੀਕਤ ਵਿੱਚ ਇਸ ਸਮੱਸਿਆ ਨੂੰ ਪਹਿਲਾਂ ਹੀ ਰੋਕਿਆ ਜਾ ਸਕਦਾ ਸੀ।



ਮ੍ਰਿਗਵੀਰ ਸਿੰਘ ਮਿੱਠੂ ਚੱਡਾ

# ਸ਼ਹੀਦ ਭਗਤ ਸਿੰਘ ਅਤੇ ਰਾਜਬੀਰ ਰਾਜੂ ਵਲੋਂ ਕਬੱਡੀ ਕੱਪ 2025 ਸਰੀ, ਕੈਨੇਡਾ ਵਿਖੇ ਇੰਦਰਜੀਤ ਰੋਮੀ

**ਕੈਨੇਡਾ (ਹਰਜਿੰਦਰ ਪਾਲ ਛਾਬੜਾ)** ਕਬੱਡੀ ਪ੍ਰੋਮੋਟਰ ਕੈਨੇਡਾ ਇੰਦਰਜੀਤ ਰੋਮੀ ਵਲੋ ਜਾਣਕਾਰੀ ਦਿੱਤੀ ਗਈ ਕਿ ਸ਼ਹੀਦ ਭਗਤ ਸਿੰਘ ਅਤੇ ਰਾਜਬੀਰ ਰਾਜੂ ਵਲੋ ਸਰੀ, ਕੈਨੇਡਾ ਵਿਖੇ ਮਿਤੀ 7 ਸਿਤੰਬਰ 2025 ਨੂੰ ਇੰਟਰਨੈਸ਼ਨ ਕਬੱਡੀ ਕੱਪ ਕਰਵਾਇਆ ਜਾਵੇਗਾ । ਇਹ ਕਬੱਡੀ ਕੱਪ ਕਬੱਡੀ ਪ੍ਰੋਮੋਟਰ ਇੰਦਰਜੀਤ ਰੋਮੀ ,ਪ੍ਰੋਮੋਟਰ ਜੱਗਾ ਰੋਮੀ , ਪ੍ਰੋਮੋਟਰ ਚਰਨਜੀਤ ਸਿੰਘ ਬਰਾੜ ਡਗਰੂ, ਪ੍ਰੋਮੋਟਰ ਜੋਨਾ ਬੋਲੀਨਾ ਵਲੋ ਕਰਵਾਇਆ ਜਾਵੇਗਾ । ਇਸ ਕਬੱਡੀ ਕੱਪ ਵਿੱਚ ਮਸ਼ਹੂਰ ਕਬੱਡੀ ਖਿਡਾਰੀ ਆਪਣੇ ਬਲ ਦਾ ਪ੍ਰਦਰਸ਼ਿਤ ਕਰਨਗੇ । ਇਹ ਕਬੱਡੀ ਕੱਪ ਯੂਨਾਈਟਿਡ ਕਬੱਡੀ ਫੈਡਰੇਸ਼ਨ ਸੋਸਾਇਟੀ ਆਫ ਵੈਨਕੂਵਰ ਉੱਤੇ ਲਾਈਵ ਚਲਾਇਆ ਜਾਵੇਗਾ ।




# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਜ਼ਹਿਰੀਲੇ ਸੱਪ ਦੇ ਡੰਗੇ ਹੋਏ ਮਰੀਜ਼ਾਂ ਦਾ ਇਲਾਜ ਕਰਨ ਵਾਲਾ ਇਲਾਕੇ ਦਾ ਪ੍ਰਮੁੱਖ ਹਸਪਤਾਲ ਬਣਿਆ

## ਜ਼ਹਿਰੀਲੇ ਸੱਪ ਦੇ ਡੰਗੇ ਮਰੀਜ਼ ਦਾ ਢਾਹਾਂ ਕਲੇਰਾਂ ਹਸਪਤਾਲ ਵਿਖੇ ਡਾ. ਵਿਵੇਕ ਗੁੰਬਰ ਵੱਲੋਂ ਕੀਤਾ ਗਿਆ ਸਫ਼ਲ ਇਲਾਜ

**ਬੰਗਾ (ਚਰਨਜੀਤ ਸੱਲ੍ਹਾਂ)** ਦੁਆਬੇ ਵਿਚ ਪਿਛਲੇ 41 ਸਾਲਾਂ ਤੋਂ ਮੈਡੀਕਲ ਸੇਵਾਵਾਂ ਪ੍ਰਦਾਨ ਕਰ ਰਹੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਹੁਣ ਜ਼ਹਿਰੀਲੇ ਸੱਪ ਦੇ ਡੰਗੇ ਹੋਏ ਮਰੀਜ਼ਾਂ ਦਾ ਇਲਾਜ ਕਰਨ ਵਾਲਾ ਇਲਾਕੇ ਦਾ ਪ੍ਰਮੁੱਖ ਹਸਪਤਾਲ ਬਣ ਚੁੱਕਾ ਹੈ। ਪਿਛਲੇ ਇੱਕ ਮਹੀਨੇ ਵਿਚ ਜ਼ਹਿਰੀਲੇ ਸੱਪਾਂ ਦੇ ਡੱਸੇ ਦਰਜਨ ਦੇ ਕਰੀਬ ਮਰੀਜ਼ਾਂ ਨੂੰ ਵੇਲੇ ਸਿਰ ਐਂਟੀ ਸਨੇਕ ਵੇਨਮ ਅਤੇ ਵੈਂਟੀਲੇਟਰ ਦੀ ਮਦਦ ਨਾਲ ਬਚਾਇਆ ਜਾ ਚੁੱਕਾ ਹੈ । ਇਸ ਸਬੰਧੀ ਮੀਡੀਆ ਨਾਲ ਵਿਸ਼ੇਸ਼ ਗੱਲਬਾਤ ਕਰਦੇ ਹਸਪਤਾਲ ਦੇ ਮੈਡੀਕਲ ਮਾਹਿਰ ਡਾ ਵਿਵੇਕ ਗੁੰਬਰ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸੱਪ ਦੇ ਡੰਗੇ ਮਰੀਜ਼ਾਂ ਦਾ ਇਲਾਜ ਅਤਿ ਆਧੁਨਿਕ ਤਰੀਕਿਆਂ ਨਾਲ ਕੀਤਾ ਜਾ ਰਿਹਾ ਹੈ । ਜਿਸ ਦੀ ਤਾਜ਼ਾ ਮਿਸਾਲ ਪਿੰਡ ਪੰਜੋਰਾ ਵਾਸੀ 70 ਸਾਲ ਦੇ ਮਰੀਜ਼ ਹਰਬੰਸ ਸਿੰਘ ਹੈ ਜਿਸ ਦਾ ਸਫਲਤਾਪੂਰਵਕ ਇਲਾਜ ਕੀਤਾ ਗਿਆ ਹੈ । ਮਰੀਜ਼ ਨੂੰ ਇੱਕ ਜ਼ਹਿਰੀਲੇ ਸੱਪ ਨੇ ਡੱਸ ਲਿਆ ਸੀ, ਜਦੋਂ ਉਸ ਨੂੰ ਪੇਟ ਦਰਦ, ਉਲਟੀ, ਅੱਖਾਂ ਦਾ ਆਪਮੁਹਾਰੇ ਬੰਦ ਹੋਣਾ, ਸਾਹ ਲੈਣ ਵਿਚ ਆ ਰਹੀ ਭਾਰੀ ਸਮੱਸਿਆ ਆਦਿ ਲੱਛਣ ਸਾਹਮਣੇ ਆਏ ਤਾਂ ਉਪਰੰਤ ਪਰਿਵਾਰ ਵੱਲੋਂ ਉਸ ਨੂੰ ਛੇਤੀ ਨਾਲ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇਲਾਜ ਲਈ ਲਿਆਂਦਾ ਗਿਆ। ਮੁੱਢਲੀ ਜਾਂਚ ਦੌਰਾਨ ਹੀ ਮਰੀਜ਼ ਦੇ ਦਿਲ ਦੀ ਧੜਕਣ ਅਚਾਨਕ ਬੰਦ ਹੋ ਗਈ ਤਾਂ ਮੈਡੀਕਲ ਮਾਹਿਰ ਡਾ. ਵਿਵੇਕ ਗੁੰਬਰ ਐਮ.ਡੀ. ਮੈਡੀਸਨ ਦੀ ਅਗਵਾਈ ਵਿਚ ਐਮਰਜੈਂਸੀ ਮੈਡੀਕਲ ਅਫ਼ਸਰ ਡਾ. ਜਸਰਾਜ ਸਿੰਘ ਨੇ ਨਰਸਿੰਗ ਸਟਾਫ ਨੂੰ ਨਾਲ ਲੈ ਕੇ ਸੀ.ਪੀ.ਆਰ. ਕੀਤਾ, ਜਿਸ ਨਾਲ ਮਰੀਜ਼ ਦੇ ਦਿਲ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ । ਮਰੀਜ਼ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਆਈ.ਸੀ.ਯੂ. ਵਿਭਾਗ ਵਿਚ ਭਰਤੀ ਕੀਤਾ ਗਿਆ । ਜਿੱਥੇ ਚਾਰ ਦਿਨ ਵੈਂਟੀਲੇਟਰ ਦੀ ਮਦਦ ਦੇ ਨਾਲ-ਨਾਲ ਸੱਪ ਦੇ ਡੰਗੇ ਜਾਣ 'ਤੇ ਮਰੀਜ਼ ਦਾ ਇਲਾਜ ਕਰਨ ਵਾਲੀਆਂ ਖਾਸ ਦਵਾਈਆਂ (ਸੱਪ ਦੀ ਜ਼ਹਿਰ ਦਾ ਐਂਟੀਡਾਟ) ਨਾਲ ਇਲਾਜ ਕੀਤਾ ਗਿਆ । ਡਾਕਟਰ ਸਾਹਿਬ ਦੀ ਸਾਰੀ ਟੀਮ ਦੇ ਅਣਥੱਕ ਯਤਨਾਂ ਸਦਕਾ ਮਰੀਜ਼ ਨੂੰ ਨਵਾਂ ਜੀਵਨ ਮਿਲਿਆ । ਹੁਣ ਮਰੀਜ਼ ਹਰਬੰਸ ਸਿੰਘ ਪੂਰੀ ਤਰ੍ਹਾਂ ਤੰਦਰੁਸਤ ਹੈ । ਇਸ ਮੌਕੇ ਹਸਪਤਾਲ ਦੇ ਮੁੱਖ ਪ੍ਰਬੰਧਕ ਡਾ. ਕੁਲਵਿੰਦਰ ਸਿੰਘ ਢਾਹਾਂ, ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਢਾਹਾਂ ਕਲੇਰਾਂ ਨੇ ਮਰੀਜ਼ ਦਾ ਵਧੀਆ ਇਲਾਜ ਕਰਨ ਲਈ ਡਾ. ਵਿਵੇਕ ਗੁੰਬਰ ਅਤੇ ਸਮੂਹ ਟੀਮ ਨੂੰ ਵਧਾਈ ਦਿੱਤੀ । ਡਾ. ਵਿਵੇਕ ਗੁੰਬਰ ਨੇ ਲੋਕਾਂ ਨੂੰ ਜਾਗਰੂਕ ਕਰਦੇ ਦੱਸਿਆ ਕਿ ਭਾਰਤ ਵਿੱਚ ਸੱਪ ਦੇ ਡੰਗਣ ਨਾਲ ਹੋਣ ਵਾਲੀਆਂ ਮੌਤਾਂ ਸੱਪਾਂ ਦੀਆਂ ਪ੍ਰਮੁੱਖ ਚਾਰ ਪ੍ਰਜਾਤੀਆਂ ਦੇ ਕਾਰਨ ਹੁੰਦੀਆਂ ਹਨ ਜਿਹਨਾਂ ਵਿਚ ਕਾਮਨ ਕਰੇਟ, ਇੰਡੀਅਨ ਕੋਬਰਾ, ਰਸਲਜ਼ ਵਾਈਪਰ ਅਤੇ ਸਾਅ ਸਕੇਲਡ ਵਾਈਪਰ ਆਦਿ ਸ਼ਾਮਿਲ ਹਨ, ਪਰ ਬਹੁਤ ਸਾਰੇ ਲੋਕ ਅਗਿਆਨਤਾ ਜਾਂ ਹੋਰ ਕਾਰਨਾਂ ਕਰਕੇ ਵੇਲੇ ਸਿਰ ਉਸ ਸਿਹਤ ਕੇਂਦਰ ਤੱਕ ਪਹੁੰਚ ਹੀ ਨਹੀਂ ਪੁੱਜਦੇ ਜਿੱਥੇ ਐਂਟੀਵੇਨਮ (ਸੱਪ ਦੀ ਜ਼ਹਿਰ ਤੋਂ ਬਚਾਉਣ ਵਾਲਾ ਟੀਕਾ) ਉਪਲਬਧ ਹੋਵੇ ਅਤੇ ਕਿਉਂਕਿ ਇਹ ਟੀਕਾ ਮਰੀਜ਼ ਦੀ ਜਾਨ ਬਚਾਉਣ ਵਿੱਚ ਸਹਾਈ ਸਿੱਧ ਹੁੰਦਾ ਹੈ । ਕਈ ਵਾਰ ਲੋਕਾਂ ਵੱਲੋਂ ਵਹਿਮਾਂ ਭਰਮਾਂ ਵਿੱਚ ਉਲਝ ਕੇ "ਮਣਕਾ, ਜਾਦੂ ਟੂਣਾ" ਆਦਿ ਕਰਵਾਉਣ ਵਿੱਚ ਕੀਮਤੀ ਸਮਾਂ ਖਰਾਬ ਕਰ ਦਿੱਤਾ ਤਾਂ ਉਸ ਮਰੀਜ਼ ਮੌਤ ਵੀ ਹੋ ਸਕਦੀ ਹੈ । ਇਸ ਮੌਕੇ ਮਰੀਜ਼ ਦੇ ਪਰਿਵਾਰ ਨੇ ਹਰਬੰਸ ਸਿੰਘ ਦਾ ਵਧੀਆ ਇਲਾਜ ਕਰਨ ਲਈ ਡਾਕਟਰ ਵਿਵੇਕ ਗੁੰਬਰ, ਸਮੂਹ ਮੈਡੀਕਲ ਅਫਸਰ ਸਾਹਿਬਾਨ, ਨਰਸਿੰਗ ਸਟਾਫ ਅਤੇ ਹਸਪਤਾਲ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ । ਵਰਣਨਯੋਗ ਹੈ ਕਿ ਹਸਪਤਾਲ ਢਾਹਾਂ ਕਲੇਰਾਂ ਵਿਖੇ ਜ਼ਹਿਰੀਲੇ ਸੱਪ ਦੇ ਡੰਗੇ ਮਰੀਜ਼ਾਂ ਦੇ ਇਲਾਜ ਲਈ ਆਧੁਨਿਕ ਯੰਤਰਾਂ ਨਾਲ ਲੈਸ ਵਿਸ਼ੇਸ਼ ਵਾਰਡ ਹਨ ਜਿੱਥੇ 24 ਘੰਟੇ ਮਾਹਿਰ ਡਾਕਟਰ ਸਾਹਿਬਾਨ ਤਾਇਨਾਤ ਰਹਿੰਦੇ ਹਨ ।



ਫੋਟੋ ਕੈਪਸ਼ਨ : ਆਈ ਸੀ ਯੂ ਵਿਚ ਖੁਸ਼ੀ ਭਰੇ ਮਾਹੌਲ ਵਿਚ ਮਰੀਜ਼ ਹਰਬੰਸ ਸਿੰਘ ਨਾਲ ਡਾਕਟਰ ਵਿਵੇਕ ਗੁੰਬਰ, ਡਾ. ਕੁਲਦੀਪ ਸਿੰਘ ਤੇ ਹਸਪਤਾਲ ਸਟਾਫ਼ ਨਾਲ

**ਸੱਪ ਡੰਗਣ ਦੇ ਪ੍ਰਮੁੱਖ ਲੱਛਣ :-** ਅੱਖਾਂ ਦਾ ਆਪ ਮੁਹਾਰੇ ਬੰਦ ਹੋਣਾ , ਪੇਟ ਦਰਦ, ਉਲਟੀ ਆਦਿ ਲੱਛਣਾਂ ਹੋਣ ਤਾਂ ਮਰੀਜ਼ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ , ਹੋ ਸਕਦਾ ਹੈ ਸੱਪ ਨੇ ਡੰਗਿਆ ਹੋਵੇ । ਇਹਨਾਂ ਹਾਲਤਾਂ ਵਿਚ ਮਰੀਜ਼ ਦੀ ਜਾਨ ਬਚਾਉਣ ਲਈ ਨੇੜਲੇ ਹਸਪਤਾਲ ਵਿਚ ਲਿਜਾ ਕੇ ਮਾਹਿਰ ਡਾਕਟਰ ਸਾਹਿਬਾਨ ਤੋਂ ਇਲਾਜ ਕਰਵਾਉਣਾ ਚਾਹੀਦਾ ਹੈ ।

# ਯੂਨਾਈਟਿਡ ਸਿੱਖਜ਼ ਦੇ ਵਲੰਟੀਅਰਾਂ ਨੇ ਹੜ੍ਹ ਪੀੜਤਾਂ ਲਈ ਲੁਧਿਆਣਾ ਤੋਂ ਰਾਹਤ ਸਮੱਗਰੀ ਕੀਤੀ ਰਵਾਨਾ

## ਵਲੰਟੀਅਰ ਰਾਹਤ ਕਾਰਜਾਂ 'ਚ ਪਾ ਰਹੇ ਨੇ ਅਹਿਮ ਯੋਗਦਾਨ –ਭੁਪਿੰਦਰ ਸਿੰਘ ਮੱਕੜ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਯੂਨਾਈਟਿਡ ਸਿੱਖਜ਼ ਇੱਕ ਅਜਿਹੀ ਸੇਵਾ ਸੰਸਥਾ ਹੈ ਜਿਸ ਨੇ ਪਿਛਲੇ ਸਮੇਂ ਦੌਰਾਨ ਸੰਸਾਰ ਦੇ ਵੱਖ-ਵੱਖ ਦੇਸ਼ਾਂ ਅੰਦਰ ਆਈਆਂ ਕੁਦਰਤੀ ਆਫਤਾਂ ਦੇ ਸਮੇਂ ਆਪਣੀ ਸਰਗਰਮ ਭੂਮਿਕਾ ਨਿਭਾ ਕੇ ਮਨੁੱਖਤਾ ਦੀ ਸੱਚੀ ਸੇਵਾ ਦੀ ਮਿਸਾਲ ਕਾਇਮ ਕੀਤੀ ਹੈ ਅਤੇ ਹੁਣ ਪੰਜਾਬ ਦੇ ਅੰਦਰ ਆਏ ਹੜ੍ਹਾਂ ਦੌਰਾਨ ਪਾਣੀ ਦੀ ਮਾਰ ਝੱਲ ਰਹੇ ਇਲਾਕਿਆਂ ਅੰਦਰ ਪੂਰੀ ਤਨਦੇਹੀ ਨਾਲ ਰਾਹਤ ਕਾਰਜ ਚਲਾ ਰਹੇ ਹਨ

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਯੂਨਾਈਟਿਡ ਸਿੱਖਜ਼ ਦੇ ਪ੍ਰਮੁੱਖ ਅਹੁਦੇਦਾਰ ਭੁਪਿੰਦਰ ਸਿੰਘ ਮੱਕੜ ਨੇ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਰਾਭਾ ਨਗਰ, ਲੁਧਿਆਣਾ ਵਿਖੇ ਯੂਨਾਈਟਿਡ ਸਿੱਖਜ਼ ਵੱਲੋਂ ਲੁਧਿਆਣੇ ਸ਼ਹਿਰ ਦੀਆਂ





ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਹੜ੍ਹ ਪੀੜਤਾਂ ਦੀ ਮੱਦਦ ਲਈ ਇਕੱਤਰ ਗਈ ਰਾਰਤ ਸਮੱਗਰੀ ਦੀਆਂ ਕਿੱਟਾਂ ਨੂੰ ਜ਼ਿਲ੍ਹਾ ਫਿਰੋਜ਼ਪੁਰ ਦੇ ਸਰਹੱਦੀ ਇਲਾਕੇ ਦੇ ਪਿੰਡਾਂ ਅੰਦਰ ਸਥਾਪਿਤ ਕੀਤੇ ਗਏ ਰਾਹਤ ਕੈਪਾਂ ਵਿੱਚ ਪਹੁੰਚਾਣ ਵਾਲੇ ਵਲੰਟੀਅਰਾਂ ਦੀ ਟੀਮ ਨੂੰ ਰਵਾਨਾ ਕਰਦਿਆਂ ਹੋਇਆਂ ਕੀਤਾ ਆਪਣੀ ਗੱਲਬਾਤ ਦੌਰਾਨ ਸ੍ਰ: ਭੁਪਿੰਦਰ ਸਿੰਘ ਮੱਕੜ ਨੇ ਦੱਸਿਆ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਸਰਹੱਦੀ ਖੇਤਰ ਦੇ 100 ਤੋਂ ਵੱਧ ਪਿੰਡ ਜੋ ਕਿ ਇਸ ਵੇਲੇ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬੇ ਹੋਏ ਹਨ, ਉੱਥੋ ਦੇ ਸਥਾਨਕ ਨਿਵਾਸੀਆਂ ਨੂੰ ਸੁਰੱਖਿਅਤ ਕਰਨ, ਦਵਾਈਆਂ, ਰਾਸ਼ਨ, ਪੀਣ ਵਾਲਾ ਪਾਣੀ ਅਤੇ ਮੁੱਢਲੀਆਂ ਲੋੜਾਂ ਦਾ ਘਰੇਲੂ ਸਮਾਨ, ਪਸ਼ੂਆਂ ਲਈ ਹਰਾ ਤੇ ਸੁੱਕਾ ਚਾਰਾ ਉਪਲੱਬਧ ਕਰਵਾਉੱਣ ਵਿੱਚ ਯੂਨਾਈਟਿਡ ਸਿੱਖਜ਼ ਦੇ ਵਲੰਟੀਅਰ ਪੂਰੀ ਤਨਦੇਹੀ ਨਾਲ ਸੇਵਾ ਕਾਰਜਾਂ ਵਿੱਚ ਜੁੱਟੇ ਹੋਏ ਹਨ ਤੇ ਰਾਹਤ ਕਾਰਜਾਂ ਵਿੱਚ ਆਪਣਾ ਮੋਹਰੀ ਯੋਗਦਾਨ ਪਾ ਰਹੇ ਹਨ

ਉਨ੍ਹਾਂ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਪਿੰਡਾਂ ਬਸਤੀ ਕਿਸ਼ਨ ਸਿੰਘ, ਫੱਤੇਵਾਲ, ਕਾਲੂਵਾਲਾ, ਟੇਂਡੀ ਵਾਲਾ, ਬੱਗੇ ਵਾਲਾ, ਨਿਹਾਲਾ ਲਵੇਰਾ, ਨਿਹਾਲਾ ਕਿਲਚਾ, ਹਬੀਬ ਕੇ, ਗੱਟੀ ਰਾਜੋ ਕੇ ਅਤੇ ਨਵੀਂ ਗੱਟੀ ਰਾਜੋ ਕੇ ਦੇ ਵਸਨੀਕਾਂ ਨੂੰ ਯੂਨਾਈਟਿਡ ਸਿੱਖਜ਼ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਜਾਣਗੀਆਂ ਸ੍ਰ: ਮੱਕੜ ਨੇ ਦੱਸਿਆ ਕਿ ਅੱਜ ਹੜ੍ਹ ਪੀੜਤਾਂ ਲਈ (800 ਪੈਕੇਟ)ਫੂਡ ਕਿੱਟਾਂ ਭੇਜੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਸਪਾਲ ਸਿੰਘ, ਬੀਬੀ ਰਵਿੰਦਰ ਕੌਰ ਤੇ ਡਾ: ਗੁਰਪ੍ਰੀਤ ਸਿੰਘ ਬਜਾਜ ਤੇ ਸੰਗਤ ਵੱਲੋਂ ਯੂਨਾਈਟਿਡ ਨੂੰ ਦਿੱਤੇ ਗਏ ਗਏ ਨਿੱਘੇ ਸਹਿਯੋਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਕਟ ਦੀ ਘੜੀ ਵਿੱਚ ਲੋੜਵੰਦਾਂ ਦੀ ਮਦਦ ਕਰਨੀ ਇਨਸਾਨ ਦਾ ਇਖ਼ਲਾਕੀ ਫ਼ਰਜ਼ ਹੈ ਅਤੇ ਇਨ੍ਹਾਂ ਸਾਰੇ ਸਮੂਹ ਸ਼ਖਸੀਅਤਾਂ ਤੇ ਸੰਗਤਾਂ ਨੇ ਇਹ ਮਾਨਵਪੱਖੀ ਸੇਵਾ ਕਰਕੇ ਸ਼ਲਾਘਾਯੋਗ ਉਪਰਾਲਾ ਕੀਤਾ ਹੈ ਇਸ ਤੋਂ ਪਹਿਲਾਂ ਯੂਨਾਈਟਿਡ ਸਿੱਖਜ਼ ਦੇ ਅਹੁਦੇਦਾਰ ਸ੍ਰ: ਭੁਪਿੰਦਰ ਸਿੰਘ ਮੱਕੜ ਨੇ ਸੰਸਥਾ ਦੇ ਵਲੰਟੀਅਰਾਂ ਨੂੰ ਰਾਹਤ ਸਮੱਗਰੀ ਵਾਲੀ ਗੱਡੀ ਰਾਹੀਂ ਜੈਕਾਰਿਆਂ ਦੀ ਗੂੰਜ ਵਿੱਚ ਰਵਾਨਾ ਕੀਤਾ । ਇਸ ਸਮੇ ਉਨ੍ਹਾਂ ਦੇ ਨਾਲ ਜਸਪ੍ਰੀਤ ਸਿੰਘ ਡੰਗ, ਤਜਿੰਦਰ ਪਾਲ ਸਿੰਘ, ਸੰਜੀਵ ਸ਼ਰਮਾ, ਗੁਰਪ੍ਰੀਤ ਸਿੰਘ, ਹਰਟੇਕ ਸਿੰਘ, ਫਤਿਹਜੀਤ ਸਿੰਘ ਭਵਨੀਤ ਸਿੰਘ, ਜਪਜੋਤ ਸਿੰਘ, ਪਰਮਜੀਤ ਸਿੰਘ, ਹਰਜੀਤ ਸਿੰਘ, ਮਨਵੀਰ ਸਿੰਘ ਵਿਸੇਸ਼ ਤੌਰ ਤੇ ਹਾਜ਼ਰ ਸਨ ।

# ਮਹੰਤ ਬਾਬਾ ਅਰਜੁਨ ਮੁਨੀ ਜੀ ਦੀ ਬਰਸੀ ਤੇ ਹਰ ਸਾਲ ਦੀ ਇਸ ਸਾਲ ਲਗਾਇਆਂ ਵਿਸਾਲ ਖੂਨਦਾਨ ਕੈਂਪ



**ਫ਼ਰੀਦਕੋਟ।** ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ ( ਰਜਿ) ਫ਼ਰੀਦਕੋਟ ਵੱਲੋ ਮਹੰਤ ਬਾਬਾ ਅਰਜੁਨ ਮੁਨੀ ਜੀ ਦੀ ਸਲਾਨਾ ਬਰਸੀ ਤੇ ਪੰਜਗਰਾਈ ਖੁਰਦ ਵਿਖੇ, ਸਾਲ ਦੀ ਤਰਾਂ , ਇਸ ਵਾਰ ਸੁਸਾਇਟੀ ਵੱਲੋ ਵਿਸਾਲ ਖੂਨਦਾਨ ਕੈਂਪ ਲਗਾਇਆਂ ਜਾਵੇਗਾ। ਜਿਸ ਵਿਚ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਸੁੰਦਰ ਦਾਸ ਜੀ ਤੇ ਓਨਾ ਦੀ ਕਮੇਟੀ ਵੱਲੋ ਪੂਰਾ ਪੂਰਾ ਸਹਿਯੋਗ ਦਿੱਤਾ ਗਿਆਂ। ਕੈਪ ਵਿਚ ਉਚੇਚੇ ਤੌਰ ਤੇ ਬਾਘਾਪੁਰਾਣਾ ਦੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਜੀ ਪਹੁੰਚੇ ਤੇ ਕੈਪ ਦੇ ਵਲੰਟੀਅਰਾਂ ਦੀ ਹੌਸਲਾ ਅਫ਼ਜਾਈ ਕੀਤੀ। ਇਹ ਜਾਣਕਾਰੀ ਪ੍ਰੈਸ ਨਾਲ ਸੁਸਾਇਟੀ ਦੇ ਪ੍ਰੈਸ ਸਕੱਤਰ ਸ਼ਿਵਨਾਥ ਦਰਦੀ ਫ਼ਰੀਦਕੋਟ ਨੇ ਸਾਂਝੀ ਕੀਤੀ। ਇਸ ਸਮੇ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ, ਮੀਤ ਪ੍ਰਧਾਨ ਗੁਰਦੇਵ ਸਿੰਘ ਗੋਲੇਵਾਲਾ, ਸਕੱਤਰ ਸੁਖਵੀਰ ਸਿੰਘ ਰੱਤੀ ਰੋੜੀ,ਸਤਨਾਮ ਮਗੇੜਾ ਖ਼ਜਾਨਚੀ, ਸਲਾਹਕਾਰ ਗੁਰਸੇਵਕ ਸਿੰਘ ਥਾੜਾ, ਮਨੇਜਰ ਜੱਸੀ ਥਾੜਾ, ਸਟੋਕ ਮਨੇਜਰ ਸਵਰਾਜ ਸਿੰਘ ਬਰਾੜ, ਕਰਨ,ਗੁਰਨੂਰ, ਸਾਹਿਲ ਢਿਲਵਾਂ, ਸਤਨਾਮ ਫ਼ਰੀਦਕੋਟ ਆਦਿ ਹਾਜ਼ਰ ਸਨ।

ਇਸ ਸਮੇ ਸਰਕਾਰੀ ਬਲੱਡ ਬੈਂਕ ਦੀ ਟੀਮ ਪਹੁੰਚੀ ।

# ਭੈਣ ਮਾਇਆਵਤੀ ਜੀ ਨੇ ਕਿਹਾ, ਪੰਜਾਬ ਨੇ ਮੈਨੂੰ ਨਾਮ ਅਤੇ ਪਛਾਣ ਦਿੱਤੀ ਹੈ ਜੇ ਮੈਂ ਆਪਣੇ ਲੋਕਾਂ ਦੀ ਮੱਦਦ ਨਹੀਂ ਕਰਦੀ ਤਾਂ ਇਸ ਪ੍ਰਸਿੱਧੀ ਦਾ ਕੋਈ ਅਰਥ ਮੇਰਾ ਨਾਮ ਪੰਜਾਬ ਦੇ ਲੋਕਾਂ ਕਰਕੇ ਹੀ ਬਣਿਆ ਹੈ

**ਬੰਗਾ( ਚਰਨਜੀਤ ਸੱਲ੍ਹਾਂ )** ਹਾਲ ਹੀ ਵਿੱਚ ਆਏ ਭਿਆਨਕ ਹੜ੍ਹਾਂ ਨੇ ਪੰਜਾਬ ਦੇ ਕਈ ਇਲਾਕਿਆਂ ਨੂੰ ਤਬਾਹ ਕਰ ਦਿੱਤਾ ਹਜ਼ਾਰਾਂ ਲੋਕ ਬੇਘਰ ਹੋ ਗਏ ਬੱਚੇ ਸਕੂਲ ਜਾਣ ਤੋਂ ਖੁੰਝ ਗਏ ਅਤੇ ਪਰਿਵਾਰਾਂ ਲਈ ਬਚਣਾ ਮੁਸ਼ਕਿਲ ਹੋ ਗਿਆ ਹੈ ਅਜਿਹੇ ਔਖੇ ਸਮੇਂ ਵਿੱਚ ਭੈਣ ਮਾਇਆਵਤੀ ਮੱਦਦ ਲਈ ਅੱਗੇ ਆਏ ਭੈਣ ਜੀ ਮਾਇਆਵਤੀ ਨੇ ਨਾ ਸਿਰਫ ਕਰੋੜਾਂ ਰੁਪਏ ਦੀ ਦਿੱਤੀ ਮਦਦ ਕੀਤੀ ਸਗੋਂ ਪੰਜਾਬ ਦੇ 10 ਪਿੰਡਾਂ ਨੂੰ ਗੋਦ ਲੈਣ ਦਾ ਐਲਾਨ ਵੀ ਕੀਤਾ, ਜਿਥੇ ਉਹ ਸਿੱਖਿਆ, ਸਿਹਤ ਅਤੇ ਰੋਜ਼ਾਨਾ ਦੀਆਂ ਜ਼ਰੂਰਤਾਂ ਦਾ ਸਾਰਾ ਖਰਚਾ ਚੁੱਕਿਆ ਜਾਵੇਗਾ ਜਿਸ ਤੇ ਬਹੁਜਨ ਸਮਾਜ ਪਾਰਟੀ ਪੰਜਾਬ ਦੀ ਪੂਰੀ ਟੀਮ ਨੇ ਉਨ੍ਹਾਂ ਦਾ ਧੰਨਵਾਦ ਕੀਤਾ।




for more news visit:
www.samajweekly.com

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:

# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ: ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC) ... ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ : (AZOOSPERMIA), (HYDROCELE), (GONORRHOEA), (PROSTATE GLAND), (SYPHILIS), (VARICOCELE) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਨੁਸਖਾ ਨੰਬਰ 1 (IN TABLETS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... £69
ਨੁਸਖਾ ਨੰਬਰ 4 (IN CAPSULES) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... £49
ਨੁਸਖਾ ਨੰਬਰ 7 (IN CAPSULES) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | |
|---|---|
| PILAES (IN OINTMENT) ... | £19 |
| NURALACO (IN OINTMENT OR LOTION) ... | £19 |
| CHILLAGA (IN OINTMENT OR LOTION) ... | £19 |
| ARNSTRA (IN OINTMENT) ... (BED SORES) ... | £19 |
| BELINFLA (IN OIL OR OINTMENT) ... | £19 |
| BELULCE (IN OIL) ... ULCERS ... | £19 |
| BRYJOIN (IN OIL) ... | £19 |
| CALWOUN (IN OIL OR OINTMENT) ... | £19 |
| BURCAN (IN LOTION OR OINTMENT) ... | £19 |
| ROUTUM (IN OINTMENT) ... | £19 |
| JOINRHU (IN OIL) ... | £19 |
| ABSSIL (IN LOTION) ... | £19 |
| ITCSUL (IN OIL) ... | £19 |
| WARTHU (IN OIL) ... (WARTS) ... | £19 |

* HOMOEOPATHIC HEALTH CLINIC ... (ਹਰ ਆਰਡਰ ਨਾਲ £10 ਪੈਕਿੰਗ ਤੇ ਪੋਸਟੇਜ ਲਈ)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਲਾਭ ਸਿੰਘ ਉਗੋਕੇ ਦੀ ਕਵਿਤਾ ਦੇ ਕਾਵਿਕ ਪਸਾਰ

ਲਾਭ ਸਿੰਘ ਉਗੋਕੇ ਕਾਵਿ ਸਫ਼ਰ 'ਤੇ ਤੁਰਿਆ ਨਵਾਂ ਸੰਵੇਦਨਸ਼ੀਲ ਕਵੀ ਹੈ। ਜਿਸਨੇ ਹੁਣੇ ਆਪਣੀ ਪੁਸਤਕ " ਤੂੰ ਇੱਕ ਦੀਵਾ ਬਣ " ਨਾਲ਼ ਕਾਵਿਕ ਖੇਤਰ ਵਿੱਚ ਪੈਰ ਧਰਿਆ ਹੈ। ਸੰਵੇਦਨਸ਼ੀਲ ਹੋਣਾ ਇੱਕ ਕਵੀ ਅਤੇ ਸਧਾਰਨ ਵਿਅਕਤੀ ਦੇ ਜੀਵਨ ਦਾ ਖਾਊਸਾ ਹੈ ਪਰ ਅੱਜ ਦੇ ਮਸ਼ੀਨੀ ਅਤੇ ਮੁਕਾਬਲੇਬਾਜ਼ੀ ਦੇ ਯੁੱਗ ਵਿੱਚ ਇਹ ਸੰਵੇਦਨਾ ਮਨੁੱਖ ਅੰਦਰੋਂ ਅਲੋਪ ਹੁੰਦੀ ਜਾ ਰਹੀ ਹੈ। ਮਨੁੱਖ ਦਾ ਸੰਵੇਦਨਸ਼ੀਲ ਹੋਣਾ ਹੀ ਉਸ ਨੂੰ ਹੋਰ ਜੀਵਾਂ ਦੀ ਤੁਲਨਾ ਵਿੱਚ ਖ਼ਾਸ ਬਣਾਉਂਦਾ ਹੈ। ਆਤਮ ਵਿਸ਼ਵਾਸ ਤੋਂ ਲੈ ਕੇ ਅੰਦਰੂਨੀ ਵਿਕਾਸ ਲਈ ਸੰਵੇਦਨਾ ਵਿਸ਼ੇਸ਼ ਮਹੱਤਵ ਰੱਖਦੀ ਹੈ। ਸਮਾਜਿਕ ਜੀਵਨ ਜਿਉਂਦਿਆਂ ਸੰਵੇਦਨਸ਼ੀਲਤਾ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਮਨੁੱਖ ਆਪਣੀਆਂ ਸਾਰੀਆਂ ਭਾਵਨਾਵਾਂ ਪ੍ਰਤੀ ਸੰਵੇਦਨਸ਼ੀਲ ਹੁੰਦਾ ਹੈ ।ਜਿੱਥੇ ਸੰਵੇਦਨਾ ਹੁੰਦੀ ਹੈ, ਉੱਥੇ ਆਪਣੇ ਪਰਾਏ ਦੇ ਫ਼ਰਕ ਮਿਟ ਜਾਂਦੇ ਹਨ। ਮਨੁੱਖ ਨੇ ਆਪਣੀ ਨੈਤਿਕਤਾ ਅਤੇ ਸੰਵੇਦਨਸ਼ੀਲਤਾ ਨੂੰ ਸਿਰਫ਼ ਇੱਕ ਦਾਇਰੇ ਤੱਕ ਸੀਮਤ ਕਰ ਰੱਖਿਆ ਹੈ ਜਿਸ ਦੀ ਹੱਦ ਮਨੁੱਖ ਦੇ ਸਵਾਰਥ ਅਨੁਸਾਰ ਬਦਲਦੀ ਰਹਿੰਦੀ ਹੈ। ਹੇਠਾਂ ਅਸੀਂ ਲਾਭ ਸਿੰਘ ਉਗੋਕੇ ਦੇ ਸੰਵੇਦਨਸ਼ੀਲ ਮਨ ਦੀਆਂ ਮਨੋਵਿਰਤੀਆਂ ਰਾਹੀਂ ਪ੍ਰਗਟ ਹੋਏ ਕਾਵਿਕ ਪਸਾਰਾਂ ਬਾਰੇ ਵਿਚਾਰ ਚਰਚਾ ਕਰਾਂਗੇ।

ਇਸ ਪੁਸਤਕ ਦੀਆਂ ਬਹੁਤੀਆਂ ਕਵਿਤਾਵਾਂ ਪਰਿਵਾਰਿਕ ਰਿਸ਼ਤਿਆਂ ਦਾ ਥੀਮ ਸਿਰਜਦੀਆਂ ਹਨ। ਆਧੁਨਿਕ ਮਨੁੱਖ ਪਰਸਪਰ ਪਿੰਡ ਆਧਾਰਿਤ ਸਹਿਜ ਜੀਵਨ ਚਾਲ ਵਿੱਚੋਂ ਨਿਕਲ ਕੇ ਸ਼ਹਿਰ ਅਧਾਰਿਤ ਨਿੱਤ ਨਵੇਂ ਬਣਦੇ ਅਨਿਸ਼ਚਿਤ, ਆਰਥਿਕ ,ਸਮਾਜਿਕ ਅਤੇ ਮਾਨਸਿਕ ਰਿਸ਼ਤਿਆਂ ਦੇ ਜਾਲ਼ ਵਿੱਚ ਫ਼ਸ ਗਿਆ ਹੈ। ਇਹਨਾਂ ਕਵਿਤਾਵਾਂ ਵਿੱਚ ਕਵੀ ਇੱਕ ਡਰ ਦਾ ਜੀਵਨ ਜਿਉਂ ਰਿਹਾ ਹੈ। ਇਹ ਡਰ ਉਸਦੇ ਲਈ ਪਰੰਪਰਾ ਤੋਂ ਟੁੱਟ ਕੇ ਪੈਦਾ ਹੋਇਆ ਹੈ। ਇਸ ਪੁਸਤਕ ਦੀਆਂ ਕਵਿਤਾਵਾਂ ਅਤੀਤ ਮੁਖੀ ਯਾਦਾਂ ਵਿੱਚੋਂ ਆਪਣੀਆਂ ਜੜ੍ਹਾਂ ਦੀ ਤਲਾਸ਼ ਵੀ ਕਰਦੀਆਂ ਹਨ ,ਪਿੰਡ ਦੀ ਪੇਸ਼ਕਾਰੀ ਰਾਹੀਂ ਆਪਣੇ ਸੱਭਿਆਚਾਰ ਪ੍ਰਤੀ ਮੋਹ ਵੀ ਜਗਾਉਂਦੀਆਂ ਹਨ। ਕਵੀ ਅੰਦਰ ਬੇਗਾਨਗੀ ਅਤੇ ਹੇਰਵੇ ਦਾ ਅਹਿਸਾਸ ਏਨਾ ਡੂੰਘਾ ਤੇ ਏਨਾ ਸਹਿਜ ਹੈ ਕਿ ਉਹ ਦੁਖਾਂਤਿਕ ਦ੍ਰਿਸ਼ ਸਿਰਜਣ ਦੀ ਬਜਾਇ, ਪਿੰਡ ਦਾ ਮੋਹ ਪਿੱਛੇ ਰਹਿ ਗਏ ਸਬੰਧੀਆਂ , ਯਾਰਾਂ/ਦੋਸਤਾਂ ਨਾਲ ਗੁਜ਼ਾਰੇ ਦਿਨਾਂ ਦਾ ਚਿਤਰਨ ਕਰਨ ਲੱਗਦਾ ਹੈ ।ਇਹਨਾਂ ਕਵਿਤਾਵਾਂ ਅੰਦਰ ਜਿੱਥੇ ਸੰਵੇਦਨਸ਼ੀਲ ਮਾਨਵ ਦੇ ਪਿੱਛੇ ਰਹਿ ਗਏ ਪਿੰਡ ਦਾ ਹੇਰਵਾ ਹੈ, ਉੱਥੇ ਉਸਦੀਆਂ ਸਮਰਿਤੀਆਂ ਦੇ ਵਿੱਚ ਪਿੰਡ ਦੇ ਛੋਟੇ- ਛੋਟੇ ਚਿੰਨ, ਰਿਸ਼ਤੇ ਅਤੇ ਯਾਦਾਂ ਦੀ ਲੜੀ ਬਣੇ ਹੋਏ ਹਨ ।ਪਿੰਡ ਉਸਦੇ ਅੰਦਰੋਂ ਸਿਮਰਤੀਆਂ ਦੀ ਕਿਰਨ ਵਾਂਗ ਫੁੱਟਦਾ ਹੈ । ਬੀਤ ਗਏ ਪਲ ਜਿਸ ਤਰਾਂ ਸਾਡੀਆਂ ਯਾਦਾਂ ਦਾ ਹਿੱਸਾ ਬਣ ਜਾਂਦੇ ਹਨ, ਉਸੇ ਤਰ੍ਹਾਂ ਕਵੀ ਜੋ ਪਹਿਲਾਂ ਪਿੰਡ ਵਿੱਚ ਵਸਦਾ ਸੀ ਅੱਜ ਪਿੰਡ ਉਸਦੇ ਅੰਦਰ ਵਸਦਾ ਹੈ । ਬੇਸ਼ਕ ਉਸਨੇ ਪਿੰਡ ਛੱਡ ਦਿੱਤਾ ਹੈ ਪਰ ਪਿੰਡ ਨੇ ਉਸਨੂੰ ਕਦੇ ਨਹੀਂ ਛੱਡਿਆ। ਕਿਸੇ ਅਭੁੱਲ ਯਾਦ ਵਾਂਗ ਪੁਸਤਕ ਦੀਆਂ ਕਵਿਤਾਵਾਂ ਦੇ ਆਬਾ ਮੰਡਲ ਵਿੱਚ ਪਸਰ ਗਿਆ ਹੈ। ਆਪਣੇ ਪਿੰਡ ਬਾਰੇ ਉਹ ਲਿਖਦਾ ਹੈ :-

ਚਲ ਛੱਡ ਮੁਕਾਈਏ
ਝਗੜਾ ਝੇੜਾ
ਹਾਕਾਂ ਮਾਰੇ
ਬੇਬੇ ਦਾ ਵੇਹੜਾ
ਸੁਰਗਾਂ ਵਾਂਗ ਲੱਗਦਾ ਸੀ
ਪਿੰਡ ਦੀ ਫਿਰਨੀ ਦਾ ਗੇੜਾ
ਵਸਦਾ ਰਹੇ
ਮੇਰਾ ਨਗਰ ਖੇੜਾ

ਪੂੰਜੀਵਾਦ ਦਾ ਪ੍ਰਭਾਵ ਮਨੁੱਖੀ ਸੋਚ ਦੇ ਗਹਿਰਾ ਪਿਆ ਹੈ।ਇਸ ਪ੍ਰਭਾਵ ਅਧੀਨ ਮਨੁੱਖੀ ਰਿਸ਼ਤਿਆਂ ਵਿੱਚੋਂ ਨਿੱਘ ਅਤੇ ਮੋਹ ਖ਼ਤਮ ਹੁੰਦਾ ਜਾ ਰਿਹਾ ਹੈ। ਪੈਸਾ ਅਤੇ ਸਵਾਰਥ ਪ੍ਰਮੁੱਖ ਹੋ ਗਿਆ ਹੈ।ਇਸ ਲਈ ਅੱਜ ਮਨੁੱਖੀ ਰਿਸ਼ਤਿਆਂ ਦੀ ਬੁਨਿਆਦ ਸਵਾਰਥ ਦੇ ਧਰਾਤਲ ਤੇ ਵਿਚਰਦੀ ਨਜ਼ਰ ਆ ਰਹੀ ਹੈ। ਇਸ ਪੁਸਤਕ ਦੀਆਂ ਕਵਿਤਾਵਾਂ ਮਨੁੱਖੀ ਜੀਵਨ ਦੇ ਯਥਾਰਥ ਅਤੇ ਰਿਸ਼ਤਿਆਂ ਦਾ ਥੀਮ ਸਿਰਜ ਰਹੀਆਂ ਹਨ। ਕਵੀ ਇਹਨਾਂ ਕਵਿਤਾਵਾਂ ਵਿੱਚ ਅੰਤਰਮੁਖੀ ਯਾਦਾਂ ਅਤੇ ਘਟਨਾਵਾਂ ਦੇ ਮਾਧਿਅਮ ਰਾਹੀਂ ਆਪਣੀ ਮਾਂ , ਬਾਪ ਅਤੇ ਗੁਆਚੇ ਪਿਆਰ ਦੀ ਤਲਾਸ਼ ਕਰਦਿਆਂ, ਆਪਣੇ ਅਸਤਿੱਤਵ ਨੂੰ ਇਨ੍ਹਾਂ ਰਿਸ਼ਤਿਆਂ ਨਾਲ਼ ਜੋੜੀ ਰੱਖਣ ਦੇ ਲਈ ਤਤਪਰ ਹੈ। ਮਾਂ ਪ੍ਰਤੀ ਉਸਦਾ ਮੋਹ ,ਪਿਤਾ ਪ੍ਰਤੀ ਸਤਿਕਾਰ ਦੀ ਭਾਵਨਾ ਉਸ ਦੇ ਸੰਵੇਦਨਸ਼ੀਲ ਮਨ ਦੀ ਸੁੱਚਤਾ ਦਾ ਪ੍ਰਗਟਾਵਾ ਕਰਦੇ ਹਨ ।ਭਾਵੇਂ ਦੁਨੀਆਂ ਦੀ ਹਰ ਮਾਂ ਆਪਣੇ ਬੱਚਿਆਂ ਲਈ ਨਕਸ਼ ਘਾੜਾ ਹੁੰਦੀ ਹੈ ਪਰ ਜਦੋਂ ਨਕਸ਼ ਘੜਨ ਲਈ ਮਾਂ ਨੂੰ ਅਸਹਿ ਕਸ਼ਟ ਝੱਲਣੇ ਪੈਣ ਤਾਂ ਫਿਰ ਨਕਸ਼ ਘੜਾ ਮਾਂ ਸਿਰਫ਼ ਮਾਂ ਨਹੀਂ ਰਹਿੰਦੀ । ਮਾਂ ਸਿਰਜਣਾ ਦੀ ਦੇਵੀ ਬਣ ਜਾਂਦੀ ਹੈ। ਜਿਸਨੇ ਬੱਚੇ ਦੇ ਜੀਵਨ ਨੂੰ ਵੱਖਰੇ ਰੰਗਾਂ ਨਾ਼ਲ ਉਗਾੜਨ ਦਾ ਜਿੰਮਾ ਆਪਣੇ ਸਿਰ ਲਿਆ ਹੁੰਦਾ ਹੈ। ਭਾਵੇਂ ਕਵੀ ਅੱਜ ਸ਼ੋਹਰਤ ਦੀਆਂ ਬੁਲੰਦੀਆਂ ਛੋਹ ਰਿਹਾ ਹੈ ਪਰ ਮਾਂ ਦੀਆਂ ਦੁਸ਼ਵਾਰੀਆਂ ਦਾ ਚੇਤਾ ਉਸ ਨੇ ਆਪਣੇ ਮਨੋ ਨਹੀਂ ਵਿਸਾਰਿਆ। ਉਹ ਲਿਖਦਾ ਹੈ

ਆਪਣੇ ਪੈਰੀ ਬੇਸ਼ਕ ਉਸਦੇ
ਕਸੀਆਂ ਚੱਪਲਾਂ ਦਾ ਜੋੜਾ ਹੀ ਦੇਖਿਆ
ਮੈਂ ਆਪਣੇ ਲਈ ਕਦੇ ਨਾ
ਕਿਸੇ ਚੀਜ਼ ਦਾ ਤੋੜਾ ਦੇਖਿਆ।

ਆਪਣੀ ਮਾਂ ਵਾਂਗ ਉਹ ਆਪਣੇ ਬਾਪੂ ਪ੍ਰਤੀ ਵੀ ਬੜਾ ਮੋਹ ਰੱਖਦਾ ਹੈ। ਕਵੀ ਦੀਆਂ ਕਵਿਤਾਵਾਂ ਵਿੱਚ ਉਸਦੇ ਬਾਪੂ ਦਾ ਜ਼ਿਕਰ ਵਾਰ-ਵਾਰ ਆਇਆ ਹੈ। ਉਹ ਜਾਣਦਾ ਹੈ ਕਿ ਇੱਕ ਪਿਤਾ ਦਾ ਪੁੱਤਰ ਦੀ ਜ਼ਿੰਦਗੀ ਨੂੰ ਸੇਧ ਦੇਣ, ਉਸਦਾ ਵਿਅਕਤਿਤਵ ਸਿਰਜਣ ਵਿੱਚ ਅਹਿਮ ਰੋਲ ਹੁੰਦਾ ਹੈ ਕਵੀ ਦੀ ਸੋਚ ਦੇ ਸਮੁੱਚ ਵਿੱਚੋਂ ਉਸਦੇ ਬਾਪੂ ਨੂੰ ਪ੍ਰਮੁੱਖ ਰੂਪ ਵਿੱਚ ਪੁਸਤਕ ਦੇ ਪੰਨਿਆਂ ਦੇ ਤੇ ਅਨੇਕਾਂ ਵਾਰ ਦੇਖਿਆ ਜਾ ਸਕਦਾ ਹੈ ਉਹ ਆਪਣੇ ਬਾਪੂ ਨੂੰ ਯਾਦ ਕਰਦਾ ਲਿਖਦਾ ਹੈ:-

ਬਾਪੂ ਦੀ ਸਿਰ ਤੇ ਛਾਂ ਨਾ ਰਹੀ
ਹੁਣ ਤਾਂ ਰੁੱਖਾਂ ਦੀ ਛਾਂ ਵੀ ਸਾੜੇ
ਕਦੇ ਨਾ ਪੂਰੇ ਜਾਣੇ ਮੈਥੋਂ
ਬਾਪੂ ਨਾ਼ਲ ਜੋ ਪੈ ਗਏ ਪਾੜੇ।

ਜੀਵਨ ਸੰਪ੍ਰਦਾਇ ਦਾ ਮਹੱਤਵ ਸਮਝਣ ਅਤੇ ਇਸ ਨੂੰ ਸਾਰਥਕ ਕਰਨ ਲਈ ਆਤਮ ਬੋਧ ਦਾ ਹੋਣਾ ਜ਼ਰੂਰੀ ਹੈ। ਆਤਮ ਬੋਧ ਦਾ ਲਫ਼ਜ਼ੀ ਮਤਲਬ ਹੈ ਖੁਦ ਦੀ ਸੋਝੀ ਦੂਜੇ ਸ਼ਬਦਾਂ ਵਿੱਚ ਕਹੀਏ ਤਾਂ ਆਪਣੀਆਂ ਭਾਵਨਾਵਾਂ, ਅਹਿਸਾਸਾਂ, ਫਰਜਾਂ, ਸਮਰੱਥਾਵਾਂ ਅਤੇ ਕਮਜ਼ੋਰੀਆਂ ਆਦਿ ਦਾ ਸਪਸ਼ਟ ਗਿਆਨ। ਮਨੁੱਖ ਹੀ ਅਜਿਹਾ ਪ੍ਰਾਣੀ ਹੈ, ਜੋ ਆਤਮ ਗਿਆਨ ਦੇ ਅਹਿਸਾਸ ਰਾਹੀਂ ਜੀਵਨ ਵਿਚਲੀਆਂ ਕਠਿਨ ਪਰਿਸਥਿਤੀਆਂ ਨੂੰ ਸੁਖਦਾਈ ਪਲਾਂ ਵਿੱਚ ਤਬਦੀਲ ਕਰ ਸਕਦਾ ਹੈ। ਆਤਮ ਮੰਥਨ ਦੀ ਸੋਝੀ ਮਨੁੱਖ ਅੰਦਰ ਤਾਂ ਹੀ ਆ ਸਕਦੀ ਹੈ ,ਜੇਕਰ ਉਸਦੇ ਕੋ਼ਲ ਅੱਖਰਾਂ ਦਾ ਗਿਆਨ ਹੈ। ਕਵੀ ਦੀ ਸੰਵੇਦਨਾ ਇਸ ਵਿਚਾਰਧਾਈ ਸੱਚ ਤੋਂ ਭਲੀ ਭਾਂਤ ਜਾਣੂ ਹੈ। ਅੱਖਰਾਂ ਦੇ ਮਨੁੱਖੀ ਜੀਵਨ ਵਿੱਚ ਮਹੱਤਵ ਨੂੰ ਸਮਝਦਿਆਂ, ਉਹ ਅੱਖਰਾਂ ਬਾਰੇ ਲਿਖਦਾ ਹੈ:-

ਇਹ ਜੋ ਕਾ਼ਲੇ ਅੱਖਰ ਨੇ
ਤੇਰੀ ਜ਼ਿੰਦਗੀ ਨੂੰ ਰੁਸਨਾ ਸਕਦੇ ਨੇ,,,
ਘੁੱਪ ਹਨੇਰੇ 'ਚ ਰਸਤਾ ਦਿਖਾ ਸਕਦੇ ਨੇ,,,
ਤੇਰੇ ਅੰਦਰ ਦੇ ਅੰਧਕਾਰ ਨੂੰ ਮਿਟਾ ਸਕਦੇ ਨੇ,,,
ਤੇਰੇ ਦਿਮਾ਼ਗ ਦੀ ਤਾਕਤ ਵਧਾ ਸਕਦੇ ਨੇ।

ਅੱਜ ਦੇ ਸਮੇਂ ਵਿੱਚ ਜਿੱਥੇ ਨੌਜਵਾਨ ਪੀੜੀ ਕਿਤਾਬਾਂ ਤੋਂ ਦੂਰ ਹੋ ਰਹੀ ਹੈ, ਉੱਥੇ ਕਵੀ ਦੇ ਪਲੇਠੇ ਬੋਲ ਕਿਤਾਬਾਂ ਪ੍ਰਤੀ ਬੜੇ ਸੁੱਖਦਾਈ ਅਹਿਸਾਸ ਲੈ ਕੇ ਹਾਜ਼ਰ ਹੋਏ ਹਨ। ਪੁਸਤਕ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਕਿਤਾਬਾਂ ਬਾਰੇ ਹਨ। ਇਹਨਾਂ ਕਵਿਤਾਵਾਂ ਵਿੱਚ ਕਵੀ ਦੇ ਬੋਲ ਗਹਿਰੇ ਭਾਵ ਬੋਧ ਵਾ਼ਲੇ ਹਨ। ਉਸ ਨੂੰ ਇਲਮ ਹੈ ਕਿ ਕਿਤਾਬਾਂ ਮਨੁੱਖੀ ਜੀਵਨ ਨੂੰ ਖ਼ੂਬਸੂਰਤ ਹੀ ਨਹੀਂ ਬਣਾਉਂਦੀਆਂ, ਸਗੋਂ ਗਿਆਨਵਾਨ ਅਤੇ ਵਿਚਾਰਾਂ ਵਾ਼ਲਾ ਵੀ ਬਣਾਉਂਦੀਆਂ ਹਨ। ਇਹ ਕਿਤਾਬਾਂ ਹੀ ਹਨ ,ਜੋ ਮਨੁੱਖ ਨੂੰ ਭੌਤਿਕ ਅਤੇ ਸਮਾਜਿਕ ਜਗਤ ਵਿੱਚ ਆਪਣੇ ਆਪ ਨੂੰ ਸਮਝਣ ਦੇ ਸਮਰੱਥ ਬਣਾਉਂਦੀਆਂ ਹਨ। ਇਸੇ ਲਈ ਥਾਮਸ ਕਾਰਲ-ਾਇਲ ਕਹਿੰਦਾ ਹੈ ਕਿ "ਮਨੁੱਖ ਨੇ ਜੋ ਕੁਝ ਸੋਚਿਆ ਅਤੇ ਹਾਸਿਲ ਕੀਤਾ ਹੈ ਇਹ ਜਾਦੂ ਕਿਤਾਬਾਂ ਵਿੱਚ ਬੰਦ ਹੈ।" ਵਿਚਾਰ ਅਧੀਨ ਪੁਸਤਕ ਅੰਦਰ ਕਿਤਾਬਾਂ ਪ੍ਰਤੀ ਚੇਤਨਾ ਬੜੀ ਗਹਿਰੀ ਹੈ:-

ਇਸ ਦੇ ਅੰਦਰ ਭਰਿਆ ਹੈ
ਗਿਆਨ ਦਾ ਸੰਦੂਕ
ਇਸ ਦੇ ਅੱਗੇ ਡਿੱਗ ਪੈਂਦੀ ਹੈ
ਲੋਹੇ ਦੀ ਬੰਦੂਕ ।

ਕਵੀ ਦੇ ਅੰਦਰ ਅਸੀਮ ਸੰਭਾਵਨਾਵਾਂ ਨਜ਼ਰੀ ਪੈਂਦੀਆਂ ਹਨ। ਇਹ ਸੰਭਾਵਨਾਵਾਂ ਵਿੱਚ ਹੀ ਉਸ ਦੀਆਂ ਕਵਿਤਾਵਾਂ ਦੇ ਮਜੀਠ ਹੋਣ ਦਾ ਰੰਗ ਛੁਪਿਆ ਹੋਇਆ ਹੈ। ਕਿਤੇ-ਕਿਤੇ ਉਸਦੀ ਕਵਿਤਾ ਵਿੱਚ ਬੜੇ ਉੱਚੇ ਖਿਆਲਾਂ ਦੀਆਂ ਤਸਬੀਹਾਂ ਨਜ਼ਰ ਪੈਂਦੀਆਂ ਹਨ।ਉਹ ਬੜੇ ਸਾਦੇ ਅਤੇ ਸਪਸ਼ਟ ਲਫਜ਼ਾਂ ਵਿੱਚ ਆਪਣੀ ਗੱਲ ਕਹਿੰਦਾ ਹੈ :-

ਬੁੱਲਾਂ ਦੀ ਚੁੱਪ
ਦੁਪਹਿਰ ਦੀ ਧੁੱਪ
ਜਿਆਦਾ ਦੇਰ ਤੱਕ ਨਹੀਂ ਰਹਿੰਦੀ
ਚੰਨ ਦੀ ਚਾਨਣੀ ਤਾਰਿਆਂ ਦੀ ਲੋਅ
ਕਦੇ ਬਨੇਰਿਆਂ ਤੇ ਨਹੀਂ ਬਹਿੰਦੀ ।

ਇਹ ਕਵਿਤਾ ਦਾ ਵਿਚਾਰ ਆਤਮਿਕ ਧੁਰਾ ਅਨੰਤ ਸਾਲਾਂ ਅਤੇ ਸਦੀਆਂ ਦੇ ਵਕਫੇ ਨਾ਼ਲ ਜੁੜਿਆ ਹੋਇਆ ਹੈ।ਅਨੰਤ ਸਾਲਾਂ ਤੋਂ ਜੀਵਨ ਇਸੇ ਤੋਂ ਤੁਰਿਆ ਹੋਇਆ ਹੈ। ਅਨੰਤ ਸਾਲਾਂ ਤੋਂ ਇਹ ਵਰਤਾਰਾ ਬੜੀ ਸਹਿਜ ਅਵਸਥਾ ਵਿੱਚ ਹੈ ਪਰ ਟਿਕਾਉ ਨਹੀਂ ਹੈ, ਨਾ ਹੀ ਬੁੱਲ੍ਹਾਂ ਦੀ ਚੁੱਪ ਵਿੱਚ ਏਨਾ ਸਬਰ ਹੈ ਕਿ ਉਹ ਮੋਨ ਅਵਸਥਾ ਵਿੱਚ ਰਹੇ, ਨਾ ਹੀ ਦੁਪਹਿਰ ਦੀ ਧੁੱਪਾਂ ਆਪਣੇ ਆਪ ਨੂੰ ਸਥਿਰ ਰੱਖ ਸਕਦੀ ਹੈ, ਨਾ ਹੀ ਹਮੇਸ਼ਾ ਵਾਸਤੇ ਚੰਨ ਦੀ ਚਾਨਣੀ ਤੇ ਤਾਰਿਆਂ ਦੀ ਲੋਅ ਬਨੇਰਿਆਂ ਤੇ ਬਹਿ ਸਕਦੀ




ਹੈ। ਇਹ ਕਵਿਤਾ ਵਿੱਚ ਕਵੀ ਦੀ ਚੇਤਨਾ ਆਪਣੀ ਚਰਮ ਸੀਮਾ ਤੇ ਹੈ, ਜੋ ਉਸ ਦੀ ਕਵਿਤਾ ਨੂੰ ਵਿਚਾਰ ਗੋਚਰਾ ਬਣਾਉਂਦੀ ਹੈ।

ਬੰਦਾ ਸਵੈ ਦੇ ਨਾ਼ਲ-ਨਾ਼ਲ ਸਮੁੱਚ ਵਿੱਚ ਵੀ ਜਿਉਂਦਾ ਹੈ। ਸਮੁੱਚ ਵਿੱਚ ਅਣਜਾਣ ਲੋਕਾਂ ਲੋਕ ਵੀ ਸ਼ਾਮਿਲ ਹੁੰਦੇ ਹਨ, ਨਜ਼ਦੀਕੀ ਅਤੇ ਅਤਿ ਨਜ਼ਦੀਕੀ ਲੋਕ ਵੀ । ਜਿਨ੍ਹਾਂ ਦੀ ਹੋਂਦ ਅਤੇ ਅਣਹੋਂਦ ਬੰਦੇ ਦੇ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ। ਜਦੋਂ ਇਹ ਸਕੇ- ਸੰਬੰਧੀ ਸਾਡੇ ਪਾਸ ਹੁੰਦੇ ਹਨ, ਸਾਡੇ ਜੀਵਨ ਦੇ ਅੰਗ-ਸੰਗ ਹੁੰਦੇ ਹਨ ਤਾਂ ਅਸੀਂ ਖ਼ੁਸ਼ ਵੀ ਰਹਿੰਦੇ ਹਾਂ, ਜੀਵਨ ਵਿੱਚ ਅੱਗੇ ਵੀ ਵਧਦੇ ਹਾਂ ਅਤੇ ਤਰੱਕੀ ਵੀ ਕਰਦੇ ਹਾਂ ਪਰ ਜਦੋਂ ਇਹ ਆਪਣੇ ਸਾਡੇ ਤੋਂ ਦੂਰ ਹੁੰਦੇ ਹਨ ਤਾਂ ਜ਼ਿੰਦਗੀ ਬੋਝ ਵੀ ਲੱਗਦੀ ਹੈ ਅਤੇ ਅਸੀਂ ਸੁੰਨਾਪਣ ਵੀ ਮਹਿਸੂਸ ਕਰਦੇ ਹਾਂ ਇਹ ਪੁਸਤਕ ਵਿੱਚ ਕਵੀ ਨੇ ਇਹ ਖ਼ਿਆਲ ਨੂੰ ਬੜੀ ਖ਼ੂਬਸੂਰਤੀ ਨਾ਼ਲ ਪੇਸ਼ ਕੀਤਾ ਹੈ :-

ਤੇਰੇ ਹੋਣ ਜਾਂ ਨਾ ਹੋਣ ਨਾ਼ਲ ਫ਼ਰਕ ਤਾਂ ਪੈਂਦਾ ਹੈ
ਜਿਵੇਂ ਉਡੀਕ ਹੁੰਦੀ ਹੈ ਹਨੇਰਿਆਂ ਨੂੰ ਪ੍ਰਭਾਤਾਂ ਦੀ
ਔੜਾਂ ਮਾਰੀ ਧਰਤੀ ਨੂੰ ਬਰਸਾਤਾਂ ਦੀ
ਪੱਤਝੜ ਪਿੱਛੋਂ ਫੁੱਲਾਂ ਦੀਆਂ ਸੌਗਾਤਾਂ ਦੀ
ਤੇਰੇ ਹੋਣ ਜਾਂ ਨਾ ਹੋਣ ਨਾ਼ਲ ਫ਼ਰਕ ਤਾਂ ਜ਼ਰੂਰ ਪੈਂਦਾ ਹੈ

ਮਨੁੱਖੀ ਜੀਵਨ ਅਣ-ਕਿਆਸੀਆਂ ਘਟਨਾਵਾਂ ਨਾ਼ਲ ਭਰਪੂਰ ਹੈ ਜਿੱਥੇ ਸਫ਼ਲਤਾ ਅਤੇ ਅਸਫ਼ਲਤਾ, ਸੁੱਖ ਅਤੇ ਦੁੱਖ ,ਉਥਾਨ ਅਤੇ ਪਤਨ ਦਾ ਚੱਕਰ ਚਲਦਾ ਰਹਿੰਦਾ ਹੈ। ਜੇਕਰ ਵਿਅਕਤੀ ਨਾ ਨਾਕਰਾਤਮਿਕ ਸੋਚ ਦਾ ਸ਼ਿਕਾਰ ਹੋ ਜਾਵੇ ਤਾਂ ਉਸ ਦੀ ਚੇਤਨਾ ਨਕਾਰਾ ਹੋਣ ਲੱਗਦੀ ਹੈ ਤੇ ਉਹ ਹਾਰ ਨੂੰ ਅੰਤਿਮ ਸੱਚ ਤਸਵਰ ਕਰ ਲੈਂਦਾ ਹੈ।ਇਸ ਦੇ ਉਲਟ ਆਸ਼ਾਵਾਦ ਵਿਅਕਤੀ ਨੂੰ ਹਰ ਮੁਸ਼ਕਿਲ ਵਿੱਚ ਨਵਾਂ ਰਸਤਾ ਦਿਖਾਉਂਦਾ ਹੈ। ਇਸੇ ਲਈ ਅਮਰੀਕਨ ਵਿਦਵਾਨ ਹੈਲਨ ਕੇਲਰ ਲਿਖਦਾ ਹੈ ਕਿ "ਆਸ਼ਾਵਾਦ ਉਹ ਵਿਸ਼ਵਾਸ ਹੈ ਜੋ ਮਨੁੱਖ ਨੂੰ ਪ੍ਰਾਪਤੀ ਵੱਲ ਲੈ ਕੇ ਜਾਂਦਾ ਹੈ। ਇਸੇ ਵਿਚਾਰ ਅਧੀਨ ਪੁਸਤਕ ਦਾ ਕਵੀ ਨਿਰਾਸ਼ ਨਹੀਂ ਉਸਦੇ ਅੰਦਰ ਇੱਕ ਆਸ਼ਾਵਾਦੀ ਚਿਣਗ ਹੈ, ਜੋ ਉਸ ਨੂੰ ਹਾਂ ਪੱਖੀ ਊਰਜਾ ਪ੍ਰਦਾਨ ਕਰਦੀ ਹੈ। ਉਹ ਲਿਖਦਾ ਹੈ

ਮੁੱਕਣ ਨਾ ਦਿਓ
ਆਪਣੇ ਅਲਫਾਜ਼ਾਂ ਨੂੰ
ਦਬਣ ਨਾ ਦਿਓ ਆਪਣੇ
ਦਿਲ ਦੇ ਜਜ਼ਬਾਤਾਂ ਨੂੰ
ਦਿਲ ਤੇ ਨਾ ਲਾ ਲੈਣਾ
ਕਿਸੇ ਕਮਲੇ ਦੀਆਂ ਬਾਤਾਂ ਨੂੰ
ਸੂਰਜ ਦੀ ਬਸ ਇਕ ਕਿਰਨ ਨੇ
ਖ਼ਤਮ ਕਰ ਦੇਣਾ ਹੁੰਦਾ
ਬੇਹੱਦ ਕਾ਼ਲੀਆਂ ਰਾਤਾਂ ਨੂੰ ।

ਪੰਜਾਬ ਅੰਦਰ ਚਲੰਤ ਮਸਲਿਆਂ ਵਿੱਚ ਪਾਣੀ ਦਾ ਮਸਲਾ ਬੜਾ ਗੰਭੀਰ ਹੈ, ਜੋ ਪੰਜਾਬ ਲਈ ਸੰਕਟ ਬਣਦਾ ਜਾ ਰਿਹਾ ਹੈ।ਇਹ ਸੰਕਟ ਉਪਲਬਧਤਾ ਦੇ ਸੰਕਟ ਨਾਲੋਂ ਪਾਣੀ ਦੀ ਸਾਂਭ- ਸੰਭਾਲ ਅਤੇ ਪ੍ਰਬੰਧਨ ਦਾ ਸੰਕਟ ਜਿਆਦਾ ਹੈ। ਇਹ ਸੰਕਟ ਦੀ ਮੁੱਖ ਵਜ੍ਹਾ ਮੌਜੂਦਾ ਸਮਾਜਿਕ ਸਿਆਸੀ ਪ੍ਰਬੰਧ, ਸਰਮਾਏਦਾਰੀ ਦਿਸ਼ਾ ਨਿਰਦੇਸ਼ਿਤ, ਨੀਅਤ ਅਤੇ ਨੀਤੀਆਂ ਹਨ। ਜਿਸ ਤਹਿਤ ਮੁਨਾਫ਼ੇ ਦੀ ਅੰਨੀ ਹਵਸ ਅਤੇ ਖੋਟੀਆਂ ਨੀਯਤਾਂ ਅਤੇ ਨੀਤੀਆਂ ਨੇ ਜੀਵਨ ਦੇ ਇਸ ਅਨਮੋਲ ਕੁਦਰਤੀ ਸੋਮੇ ਦੀ ਬੇਲੋੜੀ ਵਰਤੋਂ ਅਤੇ ਬੇ-ਲਿਹਾਜਾ ਲੁੱਟ ਕਰ, ਇਸ ਨੂੰ ਸੰਕਟਮਈ ਅਵਸਥਾ ਤੱਕ ਲਿਆਂਦਾ ਹੈ ।ਕਵੀ ਦੀ ਚੇਤਨਾ ਉਸਨੂੰ ਹਲੂਣਦੀ ਹੈ ਤੇ ਉਹ ਲਿਖਦਾ ਹੈ :-

ਜੇ ਜਹਿਰਾਂ ਵਿੱਚ ਤਬਦੀਲ ਹੋ ਗਿਆ ਸਾਡਾ ਪਾਣੀ
ਫਿਰ ਪੰਜਾਬ ਦੀ ਖ਼ਤਮ ਕਹਾਣੀ
ਕਿੱਥੋਂ ਬੀਜ ਲਵਾਂਗੇ ਫਸਲਾਂ
ਕਿੱਥੋਂ ਸਾਂਭ ਲਵਾਂਗੇ ਨਸਲਾਂ
ਪਿਆਸੇ ਹੀ ਅਸੀਂ ਮਰ ਜਾਣਾ
ਮਾਰੂਥਲ ਵਿੱਚ ਸੜ ਜਾਣਾ
ਅਤੀਤ ਦੀਆਂ ਗੱਲਾਂ ਹੋ ਜਾਣੀਆਂ
ਸਤਲੁਜ ਬਿਆਸ ਦੀਆਂ ਛੱਲਾਂ ਕਿਧਰੇ ਖੋ ਜਾਣੀਆਂ ।

ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਅੱਜ ਦਾ ਮਨੁੱਖ ਭਟਕਣ ਵਿੱਚ ਹੈ। ਉਸਦੇ ਅੰਦਰਲੇ ਵਲਵਲੇ ਭਾਵਨਾਵਾਂ ਜਜਬਾਤ ,ਪਿਆਰ ਆਪਸੀ ਨਿੱਘ ਕਿਧਰੇ ਦੂਰ ਵਿਸਰ ਗਏ ਹਨ। ਮਸ਼ੀਨੀਕਰਨ ਨੇ ਮਨੁੱਖੀ ਸੰਵੇਦਨਾ ਨੂੰ ਤਾਰੋ-ਪੀੜ ਕਰ ਦਿੱਤਾ ਹੈ। ਇਸੇ ਕਾਰਨ ਮਨੁੱਖੀ ਅਸਥਿਤ ਆਪਣੇ ਇਨਸਾਨੀ ਖ਼ਾਸੇ ਤੋਂ ਵਿੱਥ ਥਾਪਣ ਲੱਗੀ ਹੈ ।ਕਵੀ ਇਸ ਇਸ ਵਰਤਾਰੇ ਨੂੰ ਸ਼ਿੱਦਤ ਨਾ਼ਲ ਮਹਿਸੂਸ ਕਰਦਾ ਹੈ ਅਤੇ ਮਨੁੱਖੀ ਮਨ ਦੀ ਸਾਤਵਿਕਤਾ ਤੇ ਪੈ ਚੁੱਕੇ ਕਾ਼ਲੇ ਧੱਬੇ ਨੂੰ ਸੱਪ ਦੇ ਮੈਟਾਫਰ ਰਾਹੀਂ ਪੇਸ਼ ਕਰਦਾ ਹੈ:-

ਸੱਪ ਜਹੇ
ਹੋ ਗਏ ਲੋਕ
ਚਮਕੀਲੀ ਚਮੜੀ
ਪਰ ਅੰਦਰ ਜਹਿਰਾਂ
ਮੂੰਹ ਤੇ ਮਾਸੂਮੀਅਤ
ਅੰਦਰ ਨ਼ਫ਼ਰਤ ਦੀਆਂ ਲਹਿਰਾਂ

ਕਵੀ ਦੀ ਕਵਿਤਾ ਮਨੁੱਖ ਅਤੇ ਉਸ ਦੀ ਮੈਂ ਦੇ ਦਰਮਿਆਨ ਸੰਵਾਦ ਸਿਰਜਦੀ ਹੈ। ਜਿਸ ਵਿੱਚ 'ਮੈਂ' ਪਾਤਰ ਅੰਤਰ ਦਵੰਦਾ ਵਿੱਚ ਘਿਰਿਆ ਹੋਇਆ ਹੈ ਅਤੇ ਆਪਣੇ- ਆਪ 'ਤੇ ਸਵੈ ਕਟਾਕਸ਼ ਕਰਦਾ ਹੈ ।'ਮੈਂ' ਪਾਤਰ ਸਮਾਜਿਕ ਰਾਜਨੀਤਿਕ ਝਮੇਲਿਆਂ ਵਿੱਚ ਫਸਿਆ ਹੋਇਆ ਹੈ ਜੋ ਇਨ੍ਹਾਂ ਤੋਂ ਪਾਰ ਹੋਣਾ ਲੋਚਦਾ ਹੈ।ਇਥੇ ਕਵੀ ਦਾ ਕਾਵਿ ਥੀਮ ਸਮਾਜ ਦੇ ਡੂੰਘੇ ਹਨੇਰਿਆਂ ਤੋਂ ਪਾਰ ਵਿਚਰਦਾ ਹੈ।' ਮੈਂ' ਪਾਤਰ ਇਹਨਾਂ ਝਮੇਲਿਆਂ ਤੋਂ ਮੁਕਤੀ ਦਾ ਅਭਿਆਸੀ ਹੈ। ਉਹ ਇਸ ਮੁਕਤੀ ਮਾਰਗ ਦੀ ਤਲਾਸ਼ ਕਿਧਰੇ ਅਧਿਆਤਮਕ ਫ਼ਲਸਫ਼ੇ ਵਿੱਚੋਂ ਨਹੀਂ ਸਗੋਂ ਆਪਣੇ ਮੂਲ ਦੇ ਸਮੁੱਚ ਆਪਣੀ ਮਾਂ ਦੀ ਮਮਤਾਮਈ ਛਾਂ ਚੋ ਤਲਾਸ਼ ਕਰਦਾ ਹੈ ।ਇਸੇ ਲਈ ਉਹ ਲਿਖਦਾ ਹੈ:-

ਮੇਰੇ ਪਿੰਡ ਦੀ ਮਿੱਟੀ ਜਦੋਂ ਵੀ
ਮੇਰੇ ਪੈਰਾਂ ਦੀਆਂ ਤਲੀਆਂ ਨੂੰ ਛੂੰਹਦੀ ਹੈ ਤਾਂ
ਮੈਨੂੰ ਮੇਰੀ ਮਾਂ ਦੀ ਬੁੱਕਲ ਵਾ਼ਲੀ
ਮਮਤਾ ਦਾ ਅਹਿਸਾਸ ਹੁੰਦੈ
ਉਹ ਪਲ ਮੇਰੇ ਲਈ ਬੇਹਦ ਖ਼ਾਸ ਹੁੰਦੈ।

ਕਵੀ ਦਾ ਤਸਵਰ ਵੱਡਾ ਹੈ ਉਹ ਸੰਘਰਸ਼ ਨੂੰ ਜੀਵਨ ਦਾ ਮੂਲ ਸੱਚ ਮੰਨਦਾ ਹੈ । ਉਹ ਜਾਣਦਾ ਹੈ ਕਿ ਸਦੀਆਂ ਤੋਂ ਸੰਘਰਸ਼ ਦੇ ਰਾਹ ਤੁਰਿਆ ਮਨੁੱਖ ਦੁਨਿਆਵੀ ਬ੍ਰਹਮੰਡ ਵਿੱਚ ਆਪਣੀ ਅੱਜ ਦੀ ਹੋਂਦ ਦਰਸਾ ਰਿਹਾ ਹੈ। ਸਦੀਆਂ ਦੇ ਸੰਘਰਸ਼ ਨੂੰ ਆਪਣਾ ਹਾਸਲ ਮੰਨੀ ਬੈਠਾ ਮਨੁੱਖ ,ਅਨੇਕਾਂ ਕਠਿਨਾਈਆਂ ਔਕੜਾਂ ਨੂੰ ਪਾਰ ਕਰਦਿਆਂ,ਦੁਸ਼ਵਾਰੀਆਂ ਝੱਲਦਿਆਂ, ਇਹ ਨਹੀਂ ਭੁੱਲਿਆ ਕਿ ਇਨ੍ਹਾਂ ਤੋਂ ਪਾਰ ਨਿੱਕਲ ਜ਼ਿੰਦਗੀ ਦੇ ਕਸੀਦੇ ਕੁਝ ਅਜਿਹੇ ਪਲ ਵੀ ਹਨ ਜੋ ਰੂਹ ਨੂੰ ਸਕੂਨ ਦੇਣਗੇ ਉਹ ਆਪਣੀ ਕਵਿਤਾ ਵਿੱਚ ਲਿਖਦਾ ਹੈ:-

ਔਖੇ ਸਮੇਂ ਨਾ਼ਲ ਲੜਨਾ ਪੈਣਾ
ਮੁਸ਼ਕਿਲਾਂ ਅੱਗੇ ਖੜਨਾ ਪੈਣਾ
ਜੇ ਤੂੰ ਬਣਨਾ ਕੁੰਦਨ ਬੰਦਿਆ
ਭੱਠੀ ਦੇ ਵਿੱਚ ਸੜਨਾ ਪੈਣਾ

ਕਵੀ ਦੀ ਕਵਿਤਾ ਦਾ ਇਹ ਮਹੱਤਵਪੂਰਨ ਪੱਖ ਵੀ ਵਿਚਾਰਨ ਵਾ਼ਲਾ ਹੈ ਕਿ ਦਿਨ ਪ੍ਰਤੀ ਦਿਨ ਗ਼ਰੀਬ ਵਰਗ ਦੇ ਲੋਕਾਂ ਕੋਲੋਂ ਜ਼ਿੰਦਗੀ ਜਿਉਂਣ ਦੇ ਸੁਪਨੇ ਖੋਹੇ ਜਾ ਰਹੇ ਹਨ। ਸਾਡੇ ਸਮਾਜ ਵਿੱਚ ਜਾਤੀ ਆਧਾਰਿਤ ਵੰਡ ਨੇ ਇੱਕ ਅਜਿਹਾ ਵਰਤਾਰਾ ਸਿਰਜਿਆ ਹੈ,ਜਿਸ ਅਧੀਨ ਨਿਮਨ ਵਰਗ ਨਾ਼ਲ ਸਬੰਧਿਤ ਲੋਕ ਅਮਾਨਵੀ ਜੀਵਨ ਜਿਉਂਣ ਲਈ ਮਜਬੂਰ ਹਨ। ਇਹ ਪੁਸਤਕ ਵਿੱਚ ਕਵੀ ਨੇ ਆਪਣੀ ਕਾਵਿ ਚੇਤਨਾ ਅਤੇ ਕਾਵਿ ਸੰਵੇਦਨਾ ਰਾਹੀਂ ਨਿਮਨ ਵਰਗ ਦੀ ਸਥਿਤੀ ਨੂੰ ਕਈ ਕਵਿਤਾਵਾਂ ਵਿੱਚ ਬੜੇ ਭਾਵਮਈ ਰੂਪ ਵਿੱਚ ਪੇਸ਼ ਕੀਤਾ ਹੈ:-

ਕੱਚੇ ਸਾਡੇ ਚੁੱਲ੍ਹੇ
ਡਰਾਉਂਦੇ ਹਵਾ ਦੇ ਬੁੱਲੇ
ਕੱਚੇ ਸਾਡੇ ਰਾਹ
ਲੱਭਦੀ ਨਾ ਦੁੱਖਾਂ ਦੀ ਦਵਾ
ਕੱਚੇ ਸਾਡੇ ਘਰ
ਮੀਂਹ ਕਣੀ ਦਾ ਡਰ
ਕੱਢੇ ਸਾਡੇ ਸਾਹ
ਰਹਿੰਦਾ ਗ਼ਰੀਬੀ ਨਾ਼ਲ ਵਾਹ ।

ਸੋ ਇਸ ਤਰ੍ਹਾਂ ਕਵੀ ਲਾਭ ਸਿੰਘ ਉਗੋਕੇ ਨੇ ਆਪਣੀ ਕਾਵਿ ਪੁਸਤਕ "ਤੂੰ ਇੱਕ ਦੀਵਾ ਬਣ" ਵਿੱਚ ਜੀਵਨ ਨਾ਼ਲ ਸਬੰਧਿਤ ਵਿਭਿੰਨ ਮਸਲਿਆਂ ਨੂੰ ਯਥਾਰਤਮਈ ਰੂਪ ਵਿੱਚ ਪਕੜਨ ਅਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਾਵਿਕ ਪ੍ਰਪੱਕਤਾ ਅਤੇ ਕਾਵਿਕ ਸਮਝ ਦੀ ਅਣਹੋਂਦ ਦੇ ਬਾਵਜੂਦ ਇਹ ਪੁਸਤਕ ਬਹੁਤ ਸਾਰੀਆਂ ਕਾਵਿਕ ਸੰਭਾਵਨਾਵਾਂ ਨੂੰ ਆਪਣੇ ਅੰਦਰ ਸਾਂਭੀ ਬੈਠੀ ਹੈ। ਆਸ ਰੱਖਦੇ ਹਾਂ ਕਿ ਕਵੀ ਲਾਭ ਸਿੰਘ ਉਗੋਕੇ ਆਪਣੇ ਇਸ ਕਾਵਿ ਸਫ਼ਰ ਨੂੰ ਨਿਰੰਤਰ ਜਾਰੀ ਰੱਖੇਗਾ। ਕਾਵਿਕ ਬਰੀਕੀਆਂ ਪ੍ਰਤੀ ਆਪਣੀ ਸਮਝ ਨੂੰ ਹੋਰ ਪਰਪੱਖ ਕਰੇਗਾ। ਇਸ ਆਸ ਤੇ ਉਮੀਦ ਨਾ਼ਲ ਉਗੋਕੇ ਦੀ ਲੇਠੀ ਪੁਸਤਕ ਨੂੰ ਜੀ ਆਇਆ ਤੇ ਮੁਬਾਰਕਬਾਦ।

**ਰਾਮਪਾਲ ਸ਼ਾਹਪੁਰੀ (ਡਾ.)**

# ਔਰਤ ਮਨ ਦੇ ਅੰਤਰ ਦਵੰਦ ਦੀ ਪੇਸ਼ਕਾਰੀ: ਨਿਰੰਜਣ ਬੋਹਾ ਦਾ ਕਹਾਣੀ ਸੰਗ੍ਰਹਿ 'ਇਹ ਤਾਂ ਮੈਂ ਹੀ ਹਾਂ'


**ਰਵਿੰਦਰ ਸਿੰਘ ਸੋਢੀ**

ਇਸ ਦੁਨੀਆਂ ਦੇ ਸਿਰਜਕ ਨੇ ਇਨਸਾਨਾਂ ਵਿਚ ਹੀ ਨਹੀਂ ਪਸ਼ੂ-ਪੰਛੀਆਂ 'ਚ ਵੀ ਨਰ ਅਤੇ ਮਾਦਾ ਦੇ ਅਨੁਪਾਤ ਦਾ ਸੰਤੁਲਨ ਹੀ ਰੱਖਿਆ ਹੈ, ਤਾਂ ਜੋ ਸਭ ਨੂੰ ਆਪਣਾ-ਆਪਣਾ ਸਾਥ ਮਿਲ ਸਕੇ। ਕਈ ਵਾਰ ਰੁੱਖਾਂ ਵਿਚ ਵੀ ਇਸ ਪੱਖੋਂ ਵਖਰੇਵਾਂ ਹੁੰਦਾ ਹੈ। ਨਰ ਅਤੇ ਮਾਦਾ ਦੇ ਕੁਝ ਬੁਨਿਆਦੀ ਪੱਖਾਂ ਦੀ ਬਰਾਬਰੀ ਦੇ ਬਾਵਜੂਦ ਵੀ ਇਹਨਾਂ ਦੋਹਾਂ ਦੇ ਕੁਝ ਆਪਣੇ-ਆਪਣੇ ਖਾਸੇ ਵੀ ਹੁੰਦੇ ਹਨ। ਇਸ ਸਮੇਂ ਮੈਂ ਇਕ ਸਾਹਿਤਕ ਪੁਸਤਕ ਦੀ ਪੜਚੋਲ ਕਰ ਰਿਹਾ ਹਾਂ ਇਸ ਲਈ ਮੇਰਾ ਸੰਬੰਧ ਔਰਤਾਂ ਦੀਆਂ ਅੰਤਰ-ਮੁਖੀ ਭਾਵਨਾਵਾਂ ਨਾਲ ਹੈ। ਸਾਡੇ ਦੇਸ ਵਿਚ ਕਿਉਂ ਜੋ ਕੁੜੀਆਂ ਨੂੰ ਮੁੱਢ ਤੋਂ ਹੀ ਇਕ ਨਿਸ਼ਚਤ ਮਰਿਆਦਾ ਵਿਚ ਰਹਿਣ ਦੀ ਸਿੱਖਿਆ ਦਿੱਤੀ ਜਾਂਦੀ ਹੈ, ਇਸ ਲਈ ਉਹ ਬਚਪਨ ਤੋਂ ਆਪਣੇ ਦਿਲ ਦੇ ਅਹਿਸਾਸਾਂ ਨੂੰ ਜ਼ੁਬਾਨ ਤੋਂ ਲਿਆਉਣ ਲਈ ਝਿਜਕਦੀਆਂ ਹਨ। ਆਪਣੀਆਂ ਹਮ- ਉਮਰ ਸਹੇਲੀਆਂ ਨਾਲ, ਵੱਡੀਆਂ ਭੈਣਾ ਜਾਂ ਨਜ਼ਦਿਕੀ ਰਿਸ਼ਤੇਦਾਰੀ ਵਿਚਲੀਆਂ ਕੁੜੀਆਂ ਨਾਲ ਦਿਲ ਦੇ ਵਲਵਲੇ ਭਾਵੇਂ ਸਾਂਝੇ ਕਰ ਲੈਣ, ਪਰ ਕਿਸੇ ਮਰਦ ਸਾਹਵੇਂ ਮੂੰਹ ਨਹੀਂ ਖੋਲਦੀਆਂ, ਇਥੋਂ ਤੱਕ ਕਿ ਵਿਆਹ ਤੋਂ ਬਾਅਦ ਆਪਣੇ ਪਤੀ ਨਾਲ ਵੀ ਨਹੀਂ। ਇਕ ਉਮਰ ਵਿਚ ਆ ਕੇ ਉਹ ਆਪਣੀਆਂ ਮਾਵਾਂ ਨਾਲ ਕੁਝ ਗੱਲਾਂ ਸਾਂਝੀਆਂ ਕਰ ਲੈਂਦੀਆਂ ਹਨ। ਅੱਜ ਕੱਲ ਇਸ ਪੱਖੋਂ ਭਾਵੇਂ ਕੁਝ ਬਦਲਾ ਆ ਰਿਹਾ ਹੈ, ਪਰ ਇਕ ਸੀਮਤ ਹੱਦ ਤੱਕ।

ਸਾਹਿਤਕ ਖੇਤਰ ਵਿਚ ਇਹ ਆਮ ਹੀ ਕਿਹਾ ਜਾਂਦਾ ਹੈ ਕਿ ਇਸਤਰੀ ਪਾਤਰਾਂ ਦੀ ਅਵਾਜ਼, ਇਸਤਰੀ ਲੇਖਿਕਾਵਾਂ ਹੀ ਬਣਦੀਆਂ ਹਨ। ਇਸਦਾ ਸਭ ਤੋਂ ਵੱਡਾ ਕਾਰਨ ਤਾਂ ਇਹੋ ਹੋ ਸਕਦਾ ਹੈ ਕਿ ਲੇਖਿਕਾਵਾਂ ਆਪ ਅਜਿਹੀਆਂ ਅਵਸਥਾਵਾਂ ਨਾਲ ਦੋ-ਚਾਰ ਹੋ ਚੁੱਕੀਆਂ ਹੁੰਦੀਆਂ ਹਨ, ਪਰ ਕਈ ਮਰਦ ਲੇਖਕ ਵੀ ਆਪਣੀਆਂ ਸਾਹਿਤਕ ਕਿਰਤਾਂ ਵਿਚ ਮਰਦ ਅਤੇ ਔਰਤ ਦੋਹਾਂ ਦੇ ਅੰਦਰੂਨੀ ਵਿਚਾਰਾਂ ਦੀ ਤਰਜਮਾਨੀ ਕਰਨ ਦੇ ਯੋਗ ਹੁੰਦੇ ਹਨ। ਕੁਝ ਲੇਖਕ ਪਾਤਰਾਂ ਦੇ ਮਨੋਵਿਗਿਆਨ ਨੂੰ ਸਮਝਣ ਵਿਚ ਪਰਵੀਨ ਹੁੰਦੇ ਹਨ।

ਪ੍ਰਸਤੁਤ ਪੁਸਤਕ 'ਇਹ ਤਾਂ ਮੈਂ ਹੀ ਹਾਂ 'ਤੇ ਚਰਚਾ ਕਰਨ ਤੋਂ ਪਹਿਲਾਂ ਮੈਂ ਇਕ ਸਫ਼ਲ ਕਹਾਣੀ ਸੰਬੰਧੀ ਕੁਝ ਕਹਿਣਾ ਚਾਹੁੰਦਾ ਹਾਂ। ਕਹਾਣੀ ਜਾਂ ਕਹਾਣੀਆਂ ਦੀ ਪਰਖ ਸਮੇਂ ਕਹਾਣੀਕਲਾ ਦੇ ਕੁਝ ਸਮਾਂ ਵਿਹਾ ਚੁੱਕੇ ਤਕਨਿਕੀ ਨੁਕਤਿਆਂ ਨੂੰ ਮੈਂ ਬਹੁਤਾ ਨਹੀਂ ਗੌਲਦਾ। ਮੇਰੇ ਲਈ ਉਹੀ ਕਹਾਣੀ ਸਫਲ ਹੈ ਜੋ ਆਮ ਲੋਕਾਂ ਦੀਆਂ ਜੀਵਨ ਝਲਕਾਂ ਨੂੰ ਉਹਨਾਂ ਦੀ ਭਾਸ਼ਾ ਵਿਚ ਹੀ ਪੇਸ਼ ਕਰੇ। ਕਹਾਣੀ ਪੜ੍ਹਨ ਉਪਰੰਤ ਪਾਠਕ ਨੂੰ ਇਹ ਲੱਗੇ ਕਿ ਲੇਖਕ ਨੇ ਉਸਦੀ ਜ਼ਿੰਦਗੀ ਦੇ ਕਿਸੇ ਪਹਿਲੂ ਨੂੰ ਆਪਣੇ ਸ਼ਬਦਾਂ ਵਿਚ ਪੇਸ਼ ਕਰ ਦਿੱਤਾ ਹੈ ਜਾਂ ਅਜਿਹੀਆਂ ਘਟਨਾਵਾਂ ਤਾਂ ਉਸਦੇ ਆਲੇ-ਦੁਆਲੇ ਵਾਪਰਦੀਆਂ ਰਹਿੰਦੀਆਂ ਹਨ ਜਾਂ ਵਾਪਰ ਸਕਦੀਆਂ ਹਨ। ਕਹਾਣੀ ਪੜ੍ਹਨ ਤੋਂ ਬਾਅਦ ਪਾਠਕ ਦੇ ਜ਼ਹਿਨ ਵਿਚ ਕਹਾਣੀ ਲੰਬਾ ਸਮਾਂ ਖੌਰੂ ਪਾਉਂਦੀ ਰਹੇ ਅਤੇ ਉਹ ਵੀ ਸੋਚਣ ਤੇ ਮਜ਼ਬੂਰ ਹੋ ਜਾਵੇ ਕਿ ਜੇ ਉਹ ਆਪ ਵੀ ਕਹਾਣੀ ਵਾਲੇ ਪਾਤਰ ਦੀ ਅਵਸਥਾ ਵਿਚ ਹੁੰਦਾ ਤਾਂ ਉਸਦਾ ਰਵਈਆ ਵੀ ਕਹਾਣੀ ਦੇ ਪਾਤਰ ਵਰਗਾ ਹੀ ਹੁੰਦਾ। ਕਹਾਣੀਕਾਰ ਆਪਣੀ ਕਹਾਣੀ ਦੇ ਪਾਤਰਾਂ ਦੇ ਮੂੰਹ ਵਿਚ ਆਪਣੇ ਸ਼ਬਦ ਨਾ ਪਾਏ ਬਲਕਿ ਪਾਤਰ ਦੀ ਮਨੋਦਸ਼ਾ ਅਨੁਸਾਰ ਉਸ ਨੂੰ ਬੋਲਣ ਦੇਵੇ ਜਾਂ ਮਨ ਬਚਨੀ (ਆਪਣੇ ਆਪ ਨਾਲ ਗੱਲਾਂ ਕਰਨੀਆਂ) ਕਰਨ ਦੇਵੇ।

ਨਿਰੰਜਣ ਬੋਹਾ ਦਾ ਨਵਾਂ ਕਹਾਣੀ ਸੰਗ੍ਰਹਿ 'ਇਹ ਤਾਂ ਮੈਂ ਹੀ ਹਾਂ' ਨਾ ਕੇਵਲ ਇਕ ਕਹਾਣੀ ਸੰਗ੍ਰਹਿ ਦੀ ਇਕ ਕਹਾਣੀ ਦਾ ਸਿਰਲੇਖ ਹੀ ਨਹੀਂ, ਸਗੋਂ ਮੇਰੇ ਉਪਰੋਕਤ ਕਥਨ ਦੀ ਪ੍ਰੋੜਤਾ ਕਰਨ ਵਾਲਾ ਵੀ ਹੈ। ਪ੍ਰਸਤੁਤ ਪੁਸਤਕ ਦੀਆਂ ਕਹਾਣੀਆਂ ਨੂੰ ਪੜਚੋਲਵੀਂ ਨਜ਼ਰ ਤੋਂ ਨਿਹਾਰਣ ਤੋਂ ਪਹਿਲਾਂ ਦੋ ਕੁ ਗੱਲਾਂ ਲੇਖਕ ਸੰਬੰਧੀ ਕਰਨੀਆਂ ਚਾਹੁੰਦਾ ਹਾਂ। ਨਿਰੰਜਣ ਬੋਹਾ ਨੇ ਕਦੇ ਇਹ ਸੋਚ ਕੇ ਕਹਾਣੀ ਨਹੀਂ ਲਿਖੀ ਕਿ ਉਸਨੇ ਬਹੁਤ ਦੇਰ ਤੋਂ ਕਹਾਣੀ ਨਹੀਂ ਲਿਖੀ, ਇਸ ਲਈ ਹੁਣ ਨਵੀਂ ਕਹਾਣੀ ਲਿਖਣੀ ਚਾਹੀਦੀ ਹੈ। ਉਹ ਸਮਾਜ ਦੇ ਦਿਸਦੇ ਪਸਾਰੇ ਨੂੰ ਨੀਝ ਨਾਲ ਦੇਖਦਾ ਰਹਿੰਦਾ ਹੈ। ਕਈ ਵਰਤਾਰੇ ਉਸਦੇ ਦਿਮਾਗ ਵਿਚ ਕਹਾਣੀਆਂ ਦੀ ਰੂਪ-ਰੇਖਾ ਨੂੰ ਸਮੁੰਦਰੀ ਜਵਾਰ-ਭਾਟਾ ਦੀ ਤਰਾਂ ਉੱਪਰ-ਹੇਠ ਕਰਦੇ ਰਹਿੰਦੇ ਹਨ। ਕਹਾਣੀਆਂ ਦੇ ਪਾਤਰਾਂ ਦੇ ਕਈ ਰੂਪ ਉਸ ਨਾਲ ਲੁਕਣ-ਮਿਟੀ ਦੀ ਖੇਡ ਖੇਡਦੇ ਰਹਿੰਦੇ ਹਨ ਅਤੇ ਸਮਾਂ ਪਾ ਕੇ ਜਦੋਂ ਕਹਾਣੀ ਦੇ ਕਈ ਰੂਪ ਉਸਦੇ ਸਾਹਮਣੇ ਇਕ ਤਸਵੀਰ ਜਿਹੀ ਉਲੀਕਦੇ ਹਨ ਤਾਂ ਉਹ ਸਭ ਤੋਂ ਉਘੜਵੀਂ ਤਸਵੀਰ ਵਿਚ ਸ਼ਬਦਾਂ ਨਾਲ ਰੰਗ ਭਰਣੇ ਸ਼ੁਰੂ ਕਰ ਦਿੰਦਾ ਹੈ। ਇਹ ਰੰਗ ਭਰਦਾ ਵੀ ਉਹ ਕਦੇ ਕਾਹਲੀ ਨਹੀਂ ਕਰਦਾ ਅਤੇ ਬਾਰ-ਬਾਰ ਕੈਨਵਸ ਬਦਲ ਕੇ ਰੰਗਾਂ ਦੀ ਲੀਪਾ-ਪੋਚੀ ਕਰਦਾ ਰਹਿੰਦਾ ਹੈ। ਨਿਰਸੰਦੇਹ ਅਜਿਹੇ ਸ਼ਬਦੀ ਮੰਥਨ ਉਪਰੰਤ ਅੰਮ੍ਰਿਤ ਰੂਪੀ ਘੜਾ(ਪੂਰੀ ਕਹਾਣੀ) ਭਰਦਾ ਹੈ ਤਾਂ ਲੇਖਕ ਦੇ ਨਾਲ-ਨਾਲ ਪਾਠਕ ਵੀ ਉਹ ਕਹਾਣੀ ਪੜ੍ਹ ਕੇ ਸਰਸ਼ਾਰ ਹੋ ਜਾਂਦਾ ਹੈ। ਆਪਣੇ ਪਾਤਰਾਂ ਨੂੰ ਘੜਦੇ ਹੋਏ ਉਸਦੇ 'ਫ਼ੋਟੋਗਰਾਫਰ' ਹੋਣ ਦਾ ਪੇਸ਼ਾ ਬਹੁਤ ਕੰਮ ਆਉਂਦਾ ਹੈ। ਜਦੋਂ ਕੋਈ ਉਸ ਕੋਲ ਫ਼ੋਟੋ ਖਿਚਵਾਉਣ ਆਉਂਦਾ ਜਾਂ ਕਿਸੇ ਵਿਆਹ-ਸ਼ਾਦੀ




ਤੇ ਉਹ ਆਪਣੇ ਕੈਮਰੇ ਵਿਚ ਰੰਗ-ਬਿਰੰਗੇ ਚਿਹਰਿਆਂ ਨੂੰ ਕੈਦ ਕਰਦਾ ਤਾਂ ਉਹ ਆਪਣੇ ਤੀਜੇ ਨੇਤਰ ਰਾਹੀਂ ਫ਼ੋਟ ਖਿਚਵਾਉਣ ਵਾਲਿਆਂ ਦੇ ਦਿਲੋ-ਦਿਮਾਗ ਵਿਚ ਚੱਲ ਰਹੇ ਚੰਗੇ-ਮਾੜੇ, ਅਸਲੀ ਜਾਂ ਨਕਲੀ ਮੁਸਕਰਾਹਟ ਨੂੰ ਵੀ ਪੜ੍ਹ ਲੈਂਦਾ। ਆਪਣੀ ਇਸੇ ਖੂਬੀ ਨੂੰ ਉਹ ਕਹਾਣੀਆਂ ਦੇ ਸਿਰਜਕ ਪਲਾਂ ਵਿਚ ਵੀ ਵਰਤਦਾ ਹੈ, ਇਸੇ ਲਈ ਉਹ ਆਪਣੇ ਪਾਤਰਾਂ ਦੀ ਅੰਦਰੂਨੀ ਕਸ਼-ਮ-ਕਸ਼ ਨੂੰ ਸ਼ਬਦਾਂ ਦੇ ਕੈਮਰੇ ਰਾਹੀਂ ਰੂਪਮਾਨ ਕਰਦਾ ਹੈ। ਉਹ ਫ਼ੋਟੋਗਰਾਫ਼ੀ ਕਰਦਾ ਕੈਮਰੇ ਨੂੰ ਹੀ ਹਰਕਤ ਵਿਚ ਨਹੀਂ ਸੀ ਰਖੱਦਾ ਸਗੋਂ ਲੋਕਾਂ ਦੇ ਮੂੰਹੋਂ ਨਿਕਲਦੇ ਸ਼ਬਦਾਂ ਨੂੰ ਵੀ ਆਪਣੇ ਕੰਨਾਂ ਵਿਚ ਵਸਾ ਲੈਂਦਾ। ਜ਼ਿੰਦਗੀ ਦੇ ਇਸ ਪੜਾਅ ਤੇ ਪਹੁੰਚ ਕੇ ਉਸ ਕੋਲ ਸਮੇਂ ਅਤੇ ਸਥਾਨ ਅਨੁਸਾਰ ਢੁਕਵੀਂ ਸ਼ਬਦਾਵਲੀ ਦਾ ਅਜਿਹਾ ਅਮੁੱਕ ਖ਼ਜ਼ਾਨਾ ਇਕੱਠਾ ਹੋ ਚੁੱਕਿਆ ਹੈ ਕਿ ਉਸਦੇ ਪਾਤਰ ਹਾਲਾਤ ਦੀ ਤਰਜ਼ਮਾਨੀ ਕਰਦੇ ਪ੍ਰਤੀਤ ਹਨ। ਇਹੋ ਕਾਰਨ ਹੈ ਕਿ ਉਸ ਦੀਆਂ ਕਹਾਣੀਆਂ ਪਾਠਕਾਂ ਨੂੰ ਆਪਣੀਆਂ ਕਹਾਣੀਆਂ ਹੀ ਪ੍ਰਤੀਤ ਹੁੰਦੀਆਂ ਹਨ ਅਤੇ ਆਲੋਚਕਾਂ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ।

ਹੁਣ ਕੁਝ ਗੱਲਾਂ ਉਸਦੇ ਪ੍ਰਸਤੁਤ ਕਹਾਣੀ ਸੰਗ੍ਰਹਿ ਸੰਬੰਧੀ। ਪੰਨਾ 9 ਤੋਂ ਪੰਨਾ 106 ਤੱਕ, ਕੁੱਲ ਸੱਤ ਕਹਾਣੀਆਂ ਹਨ। ਹਰ ਕਹਾਣੀ ਦਾ ਵੱਖਰਾ ਹੀ ਰੰਗ ਹੈ, ਅਨੁੱਠਾ ਪ੍ਰਭਾਵ ਹੈ। ਜੇ ਉਸ ਦੀਆਂ ਪਹਿਲੀਆਂ ਲਿਖੀਆਂ ਕਹਾਣੀਆਂ ਨੂੰ ਵੀ ਅਵਚੇਤਨ ਮਨ ਵਿਚੋਂ ਕੱਢ ਕੇ ਨਵੀਆਂ ਕਹਾਣੀਆਂ ਨਾਵ ਤੁਲਨਾ ਕਰੀਏ ਤਾਂ ਕਿਸੇ ਵੀ ਦੋ ਕਹਾਣੀਆਂ ਵਿਚ ਸਮਾਨਤਾ ਨਹੀਂ ਮਿਲਦੀ, ਨਾ ਹੀ ਵਿਸ਼ੇ ਪੱਖੋਂ, ਪਾਤਰਾਂ ਪੱਖੋਂ ਜਾਂ ਸਮੁੱਚੇ ਪ੍ਰਭਾਵ ਪੱਖੋਂ। ਹਰ ਕਹਾਣੀ ਹੀ ਵੱਖਰੇ ਅੰਦਾਜ ਦੀ ਹੈ।

ਇਸ ਪੁਸਤਕ ਦੀ ਪਹਿਲੀ ਕਹਾਣੀ ਦਾ ਵਿਸ਼ਾ ਕੋਈ ਬਹੁਤਾ ਵਿੱਲਖਣ ਨਹੀਂ, ਪਰ ਕਹਾਣੀ ਦਾ ਅੰਤ ਬਹੁਤ ਹੀ ਭਾਵਪੂਰਤ ਹੈ. ਪੁਰਾਣੇ ਸਮੇਂ ਤੋਂ ਹੀ ਪੰਜਾਬ ਦੇ ਪਿੰਡਾ ਵਿਚ ਵੱਟ ਦਾ ਰੌਲਾ, ਸਾਂਝੀ ਕੰਧ ਪਿੱਛੇ ਲੜਾਈ-ਝਗੜਾ ਜਾਂ ਕਿਸੇ ਹੋਰ ਕਾਰਨ ਆਪਸੀ ਦੁਸ਼ਮਣੀਆਂ ਦਾ ਸਿਲਸਲਾ ਚਲਦਾ ਹੀ ਰਹਿੰਦਾ ਅਤੇ ਇਹਨਾਂ ਪਿੱਛੇ ਆਪਸੀ ਹੱਥੋ ਪਾਈ ਤਾਂ ਛੱਡੋ, ਤਲਵਾਰਾਂ-ਗੰਡਾਸਿਆਂ ਤੋਂ ਵੀ ਗੱਲ ਵਧ ਕੇ ਖੂਨ-ਖਰਾਬੇ ਤੱਕ ਜਾ ਪਹੁੰਚਦੀ ਅਤੇ ਇਹ ਝਗੜੇ ਪੁਸ਼ਤ-ਦਰ- ਪੁਸ਼ਤ ਚਲਦੇ ਰਹਿੰਦੇ ਸਨ। 'ਨਰ ਬੰਦਾ' ਕਹਾਣੀ ਦਾ ਤਾਣਾ-ਬਾਣਾ ਇਸੇ ਪਿਛੋਕੜ ਵਾਲਾ ਹੈ। ਸੁਖਦੇਵ ਦੇ ਪਰਿਵਾਰ ਦਾ ਨੰਬਰਦਾਰ ਦੇ ਪਰਿਵਾਰ ਨਾਲ ਵੀ ਵੱਟ ਦਾ ਝਗੜਾ ਸੀ। ਨੰਬਰਦਾਰ ਦੇ ਇਕ ਮੁੰਡੇ ਜੈਲੇ ਨੇ ਮੌਕਾ ਪਾ ਕੇ ਸੁਖਦੇਵ ਨੂੰ ਪਾਰ ਬੁਲਾ ਦਿੱਤਾ। ਸੁਖਦੇਵ ਦੀਆਂ ਆਖਰੀ ਰਸਮਾਂ ਤੋਂ ਬਾਅਦ ਉਸਦੀ ਪਤਨੀ ਨੂੰ ਉਸ ਦੀਆਂ ਨੰਨਦਾ ਗੱਲਾਂ-ਗੱਲਾਂ ਵਿਚ ਗੁਰਮੇਲ (ਸੁਖਦੇਵ ਦਾ ਛੋਟਾ ਭਰਾ) ਨਾਲ ਚਾਦਰ ਪਾਉਣ ਦੀ ਗੱਲ ਕਰਦੀਆਂ ਹਨ, ਉਹ ਕੋਈ ਹੁੰਗਾਰਾ ਨਹੀਂ ਭਰਦੀ। ਕੁਝ ਦਿਨਾਂ ਬਾਅਦ ਉਹ ਪੇਕੇ ਚਲੀ ਜਾਂਦੀ ਹੈ। ਇਕ ਦਿਨ ਸੁਖਦੇਵ ਦਾ ਬਾਪੂ ਅਤੇ ਉਸ ਦੀਆਂ ਕੁੜੀਆਂ ਸੁਖਦੇਵ ਦੀ ਪਤਨੀ ਅਤੇ ਉਸਦੇ ਬੱਚੇ ਨੂੰ ਮਿਲਣ ਆਉਂਦੇ ਹਨ ਅਤੇ ਫੇਰ ਉਹੀ ਗੱਲ ਕਰਦੇ ਹਨ ਤਾਂ ਸੁਖਦੇਵ ਦੀ ਪਤਨੀ ਸਾਫ ਕਹਿ ਦਿੰਦੀ ਹੈ ਕਿ ਗੁਰਮੇਲ ਤਾਂ ਬਾਬਿਆਂ ਦੇ ਡੇਰੇ ਜਾਣ ਜੋਗਾ ਹੀ ਹੈ। ਉਹਨਾਂ ਨੂੰ ਬੇਆਸ ਹੋ ਕੇ ਮੁੜਨਾ ਪੈਂਦਾ ਹੈ, ਪਰ ਸੱਸ ਦਾ ਫੋਨ ਆਏ ਤੇ ਕਿ ਉਹ ਕਦੇ ਆ ਕੇ ਉਹਨਾਂ ਦੇ ਪੋਤੇ ਬਬਲੂ ਨੂੰ ਹੀ ਮਿਲਾ ਜਾਵੇ, ਉਹ ਆਪਣੇ ਸਹੁਰੇ ਘਰ ਚਲੀ ਜਾਂਦੀ ਹੈ। ਇਥੋਂ ਤੱਕ ਦੀ ਕਹਾਣੀ ਸਧਾਰਨ ਕਹਾਣੀਆਂ ਵਰਗੀ ਹੈ। ਇਸ ਤੋਂ ਬਾਅਦ ਕਹਾਣੀ ਇਕ ਨਵਾਂ ਮੋੜ ਕੱਟਦੀ ਹੈ, ਜਦੋਂ ਨੰਬਰਦਾਰ ਦਾ ਮੁੰਡਾ ਜੈਲਾ, ਗੁਰਮੇਲ ਨੂੰ ਲਲਕਾਰਦਾ ਹੈ ਤਾਂ ਅੱਗੋ ਗੁਰਮੇਲ ਆਪਣੇ ਗੰਡਾਸੇ ਨਾਲ ਜੈਲੇ ਦੀ ਲੱਤ ਵੱਢ ਦਿੰਦਾ ਹੈ। ਗੁਰਮੇਲ ਦੀ ਗਰਿਫਤਾਰੀ ਤੋਂ ਬਾਅਦ ਜਦੋਂ ਉਸ ਨੂੰ ਕਚਿਹਰੀ ਵਿਚ ਪੇਸ਼ ਕਰਨਾ ਹੁੰਦਾ ਹੈ ਤਾਂ ਸਾਰਾ ਪਰਿਵਾਰ ਉਸਨੂੰ ਮਿਲਣ ਜਾਂਦਾ ਹੈ। ਗੁਰਮੇਲ ਦੀ ਵਿਧਵਾ ਭਰਜਾਈ ਉਸ ਵੱਲ ਪਹਿਲੀ ਵਾਰ ਪਿਆਰ ਨਾਲ ਤੱਕਦੀ ਹੋਈ ਆਪਣੇ ਸਹੁਰੇ ਨੂੰ ਕਹਿੰਦੀ ਹੈ, "ਬਾਪੂ, ਭਾਵੇਂ ਬਬਲੂ ਦੇ ਹਿੱਸੇ ਦੀ ਸਾਰੀ ਜ਼ਮੀਨ ਲੱਗ ਜੇ-- ਸਾਰੇ ਵਕੀਲ ਗੱਢ ਲਵੋ- ਬੋਡਾ ਛੋਟਾ ਪੁੱਤ ਬਰੀ ਹੋਣਾ ਚਾਹੀਦੈ----। ਪਰਿਵਾਰ ਦੇ ਸਾਰੇ ਜੀਅ ਉਸ ਵੱਲ ਹੈਰਾਨ ਹੋ ਕੇ ਦੇਖਣ ਲੱਗੇ ਅਤੇ ਉਹਨਾਂ ਤੋਂ ਕੁਝ ਦੂਰ ਹੋ ਗਏ। ਉਹ ਗੁਰਮੇਲ ਦੇ ਨੇੜੇ ਹੁੰਦੀ ਕਹਿੰਦੀ ਹੈ, "ਗੁਰਮੇਲ, ਮੈਂ ਤੇਰਾ ਇੰਤਜ਼ਾਰ ਕਰਾਂਗੀ, ਹੁਣ ਤੂੰ ਸੰਤਾਂ ਦਾ ਚੇਲਾ ਨਹੀਂ -- ਨਰ ਬੰਦਾ ਐਂ---।" ਕਹਾਣੀ ਦਾ ਇਸ ਤਰਾਂ ਦਾ ਅੰਤ ਪਾਠਕਾਂ ਨੂੰ ਅਚੰਭਤ ਹੀ ਨਹੀਂ ਕਰਦਾ, ਹਲੂਣਾ ਵੀ ਦਿੰਦਾ ਹੈ। ਸੁਖਦੇਵ ਦੀ ਵਿਧਵਾ ਦੇ ਅਜਿਹੇ ਅਹਿਸਾਸ ਅਸਲ ਵਿਚ ਔਰਤ ਦੇ ਅੰਤਰੀਵ ਭਾਵਾਂ ਦੀ ਤਰਜਮਾਨੀ ਕਰਦੇ ਹਨ। ਔਰਤ ਆਪਣੇ ਪਤੀ ਦੇ ਸਰੀਰਕ ਰੂਪ, ਉਸ ਦੀ ਸ਼ੋਹਰਤ, ਅਮੀਰੀ ਦੇ ਨਾਲ-ਨਾਲ ਇਹ ਵੀ ਇੱਛਾ ਕਰਦੀ ਹੈ ਕਿ ਉਸਦਾ ਜੀਵਨ ਸਾਥੀ ਦੱਬੂ ਕਿਸਮ ਦਾ ਨਾ ਹੋ ਕੇ ਬਹਾਦੁਰ ਵੀ ਹੋਵੇ। ਪਾਤਰ ਦਾ ਅਜਿਹਾ ਚਿਤਰਣ ਕਹਾਣੀ ਨੂੰ ਇਕ ਨਵੀਂ ਦਿਸ਼ਾ ਪਰਦਾਨ ਕਰਦਾ ਹੈ ਅਤੇ ਕਹਾਣੀ ਦੇ ਸਿਰਲੇਖ ਨੂੰ ਵੀ ਸਾਰਥਕ ਸਿੱਧ ਕਰਦਾ ਹੈ।

'ਨਵੀਂ ਕੰਧ' ਕਹਾਣੀ ਵਿਚ ਵੀ ਲੇਖਕ ਨੇ ਪੰਜਾਬ ਦੇ ਬਹੁਤੇ ਘਰਾਂ ਵਿਚ ਵੰਡ-ਵੰਡਾਈ ਨੂੰ ਲੈ ਕੇ ਘਰ ਦੇ ਵਿਹੜੇ ਵਿਚ ਉਸਰਦੀਆਂ ਕੰਧਾਂ ਵਾਲੀ ਪਿਰਤ ਦੀ ਗੱਲ ਕੀਤੀ ਹੈ, ਪਰ

**ਰਵਿੰਦਰ ਸਿੰਘ ਸੋਢੀ**
raivndersodih51@gmial.com
ਕੈਲਗਰੀ(ਕੈਨੇਡਾ)

ਇਸ ਕਹਾਣੀ ਵਿਚ ਵੀ ਨਿਰੰਜਣ ਬੋਹਾ ਕਹਾਣੀ ਨੂੰ ਨਵੇਕਲੇ ਢੰਗ ਨਾਲ ਸਮੇਟਦਾ ਹੈ, ਜਿਸ ਤੋਂ ਉਸਦੀ ਪਰਪੱਕ ਸੂਝ ਦਾ ਪਤਾ ਲੱਗਦਾ ਹੈ। ਪਿਉ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਆਪਣੇ ਨੂੰਹ-ਪੁੱਤ ਦੇ ਵਤੀਰੇ ਤੋਂ ਦੁਖੀ ਹੋਇਆ ਬੈਠਾ ਹੈ। ਇਕ ਵਾਰ ਤਾਂ ਮੁੰਡੇ ਨੇ ਪਿਉ ਤੇ ਹੱਥ ਹੀ ਚੁੱਕ ਲਿਆ ਸੀ। ਉਸ ਨੂੰ ਆਪਣੀ ਮਰ ਚੁੱਕੀ ਪਤਨੀ ਸਿਮਰ ਦੀ ਗੱਲ ਯਾਦ ਆਉਂਦੀ ਹੈ ਜਿਸਨੇ ਉਸਨੂੰ ਸਾਫ ਸ਼ਬਦਾਂ ਵਿਚ ਕਹਿ ਦਿੱਤਾ ਸੀ ਕਿ ਅਜਿਹੇ ਨੂੰਹ-ਪੁੱਤ ਤੋਂ ਕਿਸੇ ਤਰਾਂ ਦੀ ਆਸ ਨਾ ਰੱਖੀ, ਆਪਣਾ ਬੁਢਾਪਾ ਅਰਾਮ ਨਾਲ ਬਿਤਾਉਣ ਲਈ ਕਿਸੇ ਲੋੜਵੰਦ ਨਾਲ ਦੁਬਾਰਾ ਘਰ ਵਸਾ ਲਈਂ। ਹਾਲਾਤ ਨੂੰ ਚੰਗੀ ਤਰਾਂ ਦੇਖਦੇ ਹੋਏ, ਉਹ ਹੋਰ ਵਿਆਹ ਕਰਵਾ ਲੈਂਦਾ ਹੈ ਅਤੇ ਰੋਜ਼ਾਨਾਂ ਦੇ ਕਲੇਸ਼ ਤੋਂ ਪਿੱਛਾ ਛਡਾਉਣ ਲਈ ਵਿਹੜੇ ਵਿਚ ਕੰਧ ਵੀ ਕੱਢ ਲੈਂਦਾ ਹੈ। ਇਸ ਕਹਾਣੀ ਵਿਚ ਵੀ ਲੇਖਕ ਨੇ ਪੁਰਾਣੀ ਕਹਾਵਤ 'ਨੌਹਾਂ ਨਾਲੋਂ ਮਾਸ ਅੱਡ ਨਹੀਂ ਹੁੰਦਾ' ਨੂੰ ਵੀ ਬਦਲਦੇ ਹਾਲਾਤ ਅਨੁਸਾਰ ਭੁੱਲ ਜਾਣ ਨੂੰ ਹੀ ਚੰਗਾ ਦੱਸਿਆ ਹੈ ਅਤੇ ਬਜ਼ੁਰਗਾਂ ਨੂੰ ਇਸ ਗੱਲ ਵੱਲ ਵੀ ਕੰਨ ਧਰਨ ਲਈ ਕਿਹਾ ਹੈ ਕਿ 'ਜੇ ਕੁਝ ਜਾਇਦਾਦ ਆਪਣੇ ਨਾਂ ਰੱਖ ਲਈ ਜਾਵੇ ਕਾਂ ਬੁਢਾਪਾ ਸੌਖਾ ਲੰਘ ਜਾਂਦਾ ਹੈ।' ਇਸ ਕਹਾਣੀ ਵਿਚ ਲੇਖਕ ਨੇ ਔਰਤ ਦੇ ਨਾਲ-ਨਾਲ ਮਰਦ ਦੀ ਅੰਦਰਲੀ ਲੁਕਵੀਂ ਚੀਸ ਨੂੰ ਕਹਾਣੀ ਦੇ ਮੁੱਖ ਪਾਤਰ ਰਾਹੀਂ ਇੰਜ ਕੁਹਾਇਆ ਹੈ, "ਆਪਣੇ-ਆਪਣੇ ਪੱਧਰ ਤੇ ਅਸੀਂ ਦੋਹੇਂ ਹੀ ਲੋੜਵੰਦ ਸਾਂ ਅਤੇ ਆਪਣੀਆਂ-ਆਪਣੀਆਂ ਲੋੜਾਂ ਦੀ ਪੂਰਤੀ ਲਈ ਇਕ ਸਮਝੌਤੇ ਅਧੀਨ ਹੀ ਇਕ ਦੂਜੇ ਦਾ ਸਾਥ ਕਬੂਲਿਆ ਹੈ।"

'ਪੌਣ' ਕਹਾਣੀ ਘਟਨਾਵਾਂ ਭਰਪੂਰ ਹੈ। ਕਹਾਣੀ ਵਿਚ ਕਈ ਕਹਾਣੀਆਂ ਵਾਪਰਦੀਆਂ ਹਨ। ਨਰੀ(ਨਰਦੇਵ), ਉਸਦੀ ਪਤਨੀ ਅਤੇ ਨਰੀ ਦੀ ਮਾਂ ਦੇ ਆਲੇ-ਦੁਆਲੇ ਕਹਾਣੀ ਘੁੰਮਦੀ ਹੈ, ਪਰ ਮੁੱਖ ਪਾਤਰ ਨਰੀ ਦੀ ਪਤਨੀ ਹੀ ਹੈ। ਇਸ ਕਹਾਣੀ ਵਿਚ ਵੀ ਸਾਡੇ ਪੇਂਡੂ (ਸ਼ਹਿਰੀ ਵੀ) ਜ਼ਿੰਦਗੀ ਦੀਆਂ ਕੁਝ ਝਲਕੀਆਂ ਪੇਸ਼ ਕਰਦੇ ਹੋਏ ਕਹਾਣੀਕਾਰ ਨੇ ਦੱਸਿਆ ਹੈ ਕਿ ਜੇ ਇਕ ਔਰਤ ਨੂੰ ਪਤਨੀ ਦੇ ਰੂਪ ਵਿਚ ਆਪਣੇ ਪਤੀ ਦੀਆਂ ਬਾਹਾਂ ਵਿਚ ਆ ਕੇ ਕਿਸੇ ਸਮੇਂ ਸਕੂਨ ਮਿਲਦਾ ਸੀ ਤਾਂ ਉਹੀ ਪਤਨੀ ਜਦੋਂ ਪਤੀ ਦੇ ਗਲਤ ਕੰਮਾ ਤੋਂ ਦੁਖੀ ਹੁੰਦੀ ਹੈ ਤਾਂ ਦਿਲ ਵਿਚ ਸੋਚਦੀ ਹੈ, 'ਹੁਣ ਤੂੰ ਮੇਰੀਆਂ ਨਜ਼ਰਾਂ ਵਿਚ ਜਿਉਂਦਾ ਕਿਵੇਂ ਹੋ ਸਕਦਾ ਹੈਂ?' ਆਪਣੀ ਸੱਸ ਨੂੰ ਵੀ ਸੁਣਾ ਦਿੰਦੀ ਹੈ ਕਿ ਉਸਦੇ ਪੁੱਤਰ ਵਿਚ ਮਰਦਾਂ ਵਾਲੀ ਹੈਂਕੜ ਹੀ ਬਚੀ ਹੋਈ ਹੈ, ਮਰਦਪੁਣੇ ਵਾਲੀ ਗੈਰਤ ਖਤਮ ਹੋ ਚੁੱਕੀ ਹੈ' ਅਤੇ ਉਹ ਇਹ ਕਹਿਣ ਤੇ ਮਜਬੂਰ ਹੋ ਜਾਂਦੀ ਹੈ, "ਕੀ ਝੁਜਿਆ ਪਿਆ ਐ--ਇਹੋ ਜਿਹੇ ਸਿਰ ਦੇ ਸਾਈਂ ਬਿਨਾਂ।'

ਇਸ ਕਹਾਣੀ ਵਿਚ ਲੇਖਕ ਨੇ ਔਰਤ ਦੇ 'ਮਾਂ ਰੂਪ' ਦੀ ਉਸ ਸਥਿਤੀ ਦਾ ਬਾ-ਕਮਾਲ ਵਰਣਨ ਕੀਤਾ ਹੈ ਜਦੋਂ ਉਸ ਨੂੰ ਪਰਿਵਾਰ ਦੀ ਮਾਇਕ ਅਵਸਥਾ ਨੂੰ ਠੁੰਮਣਾ ਦੇਣ ਲਈ ਆਪਣੀ ਕੁੱਖ ਵਿਚ ਧੜਕ ਰਹੀ ਨਵੀਂ ਜ਼ਿੰਦਗੀ ਦਾ ਮਜਬੂਰੀ ਵਿਚ ਸੌਦਾ ਕਰਨਾ ਪੈਂਦਾ ਹੈ, ਪਰ ਜਦੋਂ ਉਸ ਵਿਚੋਂ ਨਰੀ ਵਰਗਾ ਆਪਣੇ ਨਸ਼ੇ ਲਈ ਦਾਅ ਲਾ ਜਾਏ, ਤਾਂ ਹੀ ਦੁਖੀ ਹੋਈ ਪਤਨੀ ਅਜਿਹੇ 'ਸਿਰ ਦੇ ਸਾਈਂ' ਦੀ ਕੋਈ ਸੁੱਖ ਨਹੀਂ ਭਾਲਦੀ, ਸਗੋਂ ਚੰਡੀ ਦਾ ਰੂਪ ਧਾਰ ਕੇ ਉਸਦੀ ਛਾਤੀ ਤੇ ਸਵਾਰ ਹੋ ਜਾਂਦੀ ਹੈ। ਲੇਖਕ ਕੋਲ 'ਗੁੱਝੀਆਂ' ਗੱਲਾਂ ਨੂੰ 'ਗੁੱਝੇ' ਢੰਗ ਨਾਲ ਕਹਿਣ ਦੀ ਕਲਾ ਵੀ ਹੈ(ਪਰ ਕਿਸੇ ਵੇਲੇ ਇਸ ਵੱਲੋਂ ਧੱਕਾ ਕਰਨ ਤੇ ਮੇਰੇ ਅੰਦਰਲੀ ਔਰਤ ਦੀਆਂ ਸਰੀਰਕ ਲੋੜਾਂ ਇਸਦਾ ਕੰਮ ਅਸਾਨ ਕਰ ਦਿੰਦੀਆਂ)। ਔਰਤ ਦੀ ਮਨੋਦਸ਼ਾ ਨੂੰ ਪ੍ਰਗਟਾਉਂਦੇ ਅਜਿਹੇ ਵਾਰਤਾਲਾਪ ਪਾਠਕਾਂ ਨੂੰ ਟੁੰਬਦੇ ਹਨ।

'ਹੁਣ ਮੈਂ ਤਿਆਰ ਹਾਂ' ਕਹਾਣੀ ਵਿਚ ਇਕ ਗੋਦ ਲਿਆ ਪੁੱਤਰ ਆਪਣੇ ਪਾਲਕ ਮਾਤਾ-ਪਿਤਾ ਦੀ ਧੀ ਨੂੰ ਹੀ ਭੈੜੀ-ਆਂ ਨਜ਼ਰਾਂ ਨਾਲ ਦੇਖਦਾ ਹੈ ਅਤੇ ਇਥੋਂ ਤੱਕ ਕਹਿ ਦਿੰਦਾ ਹੈ, 'ਤੇਰਾ ਵੀ ਕੰਡਾ ਕੱਢਣਾ ਹੀ ਪਊ ਕਿਸੇ ਦਿਨ' ਤਾਂ ਅੱਕ ਕੇ ਉਸ ਨੂੰ ਆਪਣੇ ਪਿਉ ਨੂੰ ਕਹਿਣਾ ਪੈਂਦਾ ਹੈ, "ਜਦੋਂ ਉਹ ਤੁਹਾਡੀ ਧੀ ਦਾ ਭਰਾ ਨਹੀਂ ਬਣਿਆ ਤਾਂ ਤੁਹਾਡਾ ਬੇਟਾ ਕਿਵੇਂ ਹੋਇਆ?" ਅਤੇ ਇਸ ਤੋਂ ਬਾਅਦ ਸਿੱਧਾ ਹੀ ਕਹਿੰਦੀ ਹੈ, "ਸਿੱਧੀ ਗੱਲ ਤਾਂ ਇਹ ਹੈ ਕਿ ਤੁਹਾਡੇ ਘਰ ਵਿਚ ਤੁਹਾਡੀ ਧੀ ਤੁਹਾਡੇ ਬਣਾਏ ਪੁੱਤਰ ਤੋਂ ਈ ਆਪਣੀ ਇਜ਼ਤ ਨੂੰ ਖਤਰਾ ਮਹਿਸੂਸ ਕਰਦੀ ਐ।" ਐਨੀ ਗੱਲ ਉਸਨੇ ਹਿੰਮਤ ਕਰਕੇ ਕਹਿ ਤਾਂ ਦਿੱਤੀ ਪਰ ਚੱਕਰ ਖਾ ਕੇ ਸੋਫ਼ੇ ਤੇ ਡਿੱਗ ਗਈ।

'ਮਦਰ ਡੇ' ਗਿਫ਼ਟ' ਕਹਾਣੀ ਵਿਚ ਬੇ-ਔਲਾਦ ਜੋੜੇ ਵੱਲੋਂ



ਕਿਸੇ ਗਰੀਬ ਦਾ ਬੱਚਾ ਪੈਸੇ ਦੇ ਕੇ ਗੋਦ ਲੈਣਾ ਜਾਂ 'ਕਿਰਾਏ ਦੀ ਕੁੱਖ' ਰਾਹੀਂ ਬੱਚਾ ਪੈਦਾ ਕਰਨ ਵਰਗੀਆਂ ਗੱਲਾਂ ਅੱਜ-ਕੱਲ੍ਹ ਦੀ ਪੀੜੀ ਲਈ ਤਾਂ ਮੰਨਣ ਯੋਗ ਹਨ, ਪਰ ਪੁਰਾਣੇ ਬਜ਼ੁਰਗਾਂ ਲਈ ਨਹੀਂ। ਇਸ ਕਹਾਣੀ ਵਿਚ ਵੀ ਹਰੀਸ਼ ਦੀ ਦਾਦੀ ਲਈ ਇਹ ਸੁਣਨਾ ਵੀ ਗਵਾਰਾ ਨਹੀਂ। ਅਸਲ ਵਿਚ ਅਜਿਹੀ ਸੋਚ ਲਈ ਉਸਦੀ ਜ਼ਿੰਦਗੀ ਵਿਚ ਵਾਪਰੀ ਇਕ ਨਿਜੀ ਘਟਨਾ ਕਰਕੇ ਹੈ। ਦੇਸ਼ ਦੀ ਵੰਡ ਵੇਲੇ ਉਸਦੀ ਗੋਦੀ ਵਿਚ ਰਤਨ ਅਜੇ ਕੁਝ ਦਿਨਾਂ ਦਾ ਹੀ ਸੀ। ਉਹਨਾਂ ਨੂੰ ਕੈਂਪ ਵਿਚ ਰਹਿਣਾ ਪਿਆ। ਕੈਂਪ ਦੇ ਭੀੜ-ਭੜੱਕੇ ਵਾਲੇ ਮਾਹੌਲ ਵਿਚ ਬੱਚਾ ਬਿਮਾਰ ਹੋ ਗਿਆ। ਕੈਂਪ ਮੈਨੇਜਰ ਨੇ ਉਸ ਨੂੰ ਅਤੇ ਉਸਦੇ ਪਤੀ ਨੂੰ ਆਪਣੇ ਦਫ਼ਤਰ ਵਿਚ ਬੁਲਾ ਕੇ ਇਕ ਸੇਠ ਨਾਲ ਮਿਲਵਾਇਆ ਅਤੇ ਕਿਹਾ ਕਿ ਇਸ ਹਾਲਾਤ ਵਿਚ ਉਹ ਆਪਣੇ ਬੱਚੇ ਨੂੰ ਪਾਲ ਨਹੀਂ ਸਕਦੇ ਇਸ ਲਈ ਬੱਚਾ ਸੇਠ ਸਾਹਿਬ ਨੂੰ ਦੇ ਕੇ ਕੁਝ ਪੈਸੇ ਲੈ ਲੈਣ। ਇਹ ਸੁਣ ਕੇ ਪਤੀ-ਪਤਨੀ ਹੈਰਾਨ ਹੋ ਗਏ ਅਤੇ ਕੈਂਪ ਮੈਨੇਜਰ ਨੂੰ ਸਾਫ ਇਨਕਾਰ ਕਰਕੇ ਉਸਦੇ ਦਫ਼ਤਰ ਵਿਚੋਂ ਬਾਹਰ ਆ ਗਏ। ਇਸ ਗੱਲ ਨੂੰ ਭਾਵੇਂ ਬਹੁਤ ਅਰਸਾ ਬੀਤ ਚੁੱਕਿਆ ਸੀ, ਪਰ ਉਸ ਵਕਤ ਦੀ ਕੌੜੀ-ਕੁਸੈਲੀ ਯਾਦ ਅਜੇ ਵੀ ਸੀ। ਇਸੇ ਲਈ ਦਾਦੀ ਕਿਸੇ ਗਰੀਬ ਔਰਤ ਤੋਂ ਪੈਸੇ ਦੇ ਕੇ ਬੱਚਾ ਲੈਣ ਦੇ ਹੱਕ ਵਿਚ ਨਹੀਂ ਸੀ।

(ਬਾਕੀ ਸਫਾ 15 ਤੇ)

# ਪੇਜ 14 ਦਾ ਬਾਕੀ...ਔਰਤ ਮਨ ਦੇ ਅੰਤਰ ਦਵੰਦ ਦੀ ਪੇਸ਼ਕਾਰੀ: ਨਿਰੰਜਣ ਬੋਹਾ ਦਾ ਕਹਾਣੀ ਸੰਗ੍ਰਹਿ 'ਇਹ ਤਾਂ ਮੈਂ ਹੀ ਹਾਂ'

ਉਹ ਦਿਲ ਵਿਚ ਸੋਚਦੀ ਸੀ ਕਿਸੇ ਵੀ ਮਾਂ ਤੋਂ ਉਸਦਾ ਬੱਚਾ ਦੂਰ ਨਹੀਂ ਕਰਨਾ ਚਾਹੀਦਾ।

ਕਹਾਣੀ ਦੇ ਅੰਤ ਵਿਚ ਜਦੋਂ ਹਰੀਸ਼ ਅਤੇ ਉਸਦੀ ਪਤਨੀ ਨਿਸ਼ਾ ਸ਼ਾਮ ਦੇ ਸਮੇਂ ਘਰ ਮੁੜਦੇ ਹਨ(ਮਾਂ ਦਿਵਸ ਵਾਲੇ ਦਿਨ) ਤਾਂ ਨਿਸ਼ਾ ਦੀ ਗੋਦੀ ਵਿਚ ਡੇਢ ਦੋ ਸਾਲ ਦਾ ਬੱਚਾ ਦੇਖ ਕੇ ਸਾਰੇ ਬੈਰਾਨ ਰਹਿ ਜਾਂਦੇ ਹਨ। ਅਸਲ ਵਿਚ ਹਰੀਸ਼ ਅਤੇ ਉਸਦੀ ਪਤਨੀ ਇਹ ਬੱਚਾ ਕਿਸੇ ਅਨਾਥ ਆਸ਼ਰਮ ਵਿਚੋਂ ਗੋਦ ਲੈ ਕੇ ਆਏ ਹਨ। ਇਸ ਬੱਚੇ ਦੇ ਮਾਂ-ਪਿਉ ਕੁਝ ਸਮਾਂ ਪਹਿਲਾਂ ਇਕ ਹਾਦਸੇ ਦਾ ਸ਼ਿਕਾਰ ਹੋ ਗਏ ਸੀ। ਬੱਚੇ ਦੇ ਰਿਸ਼ਤੇਦਾਰ ਬੱਚਾ ਅਨਾਥ ਆਸ਼ਰਮ ਵਿਚ ਛੱਡ ਗਏ ਸੀ। ਦਾਦੀ ਆਪਣੇ ਪੜਪੋਤੇ ਨੂੰ ਆਪਣੀ ਹਿੱਕ ਨਾਲ ਲਾ ਲੈਂਦੀ ਹੈ।

'ਹੁਣ ਨਹੀਂ' ਕਹਾਣੀ ਵਿਚ ਇਹ ਦਰਸਾਇਆ ਗਿਆ ਹੈ ਕਿ ਕਿਸੇ ਨੂੰ ਸੱਚਾ ਪਿਆਰ ਕਰਨ ਵਾਲੀ ਲੜਕੀ ਭਾਵੇਂ ਹਵਸ ਦਾ ਸ਼ਿਕਾਰ ਹੋ ਕੇ, ਮਜ਼ਬੂਰੀ ਵਿਚ ਜਾਂ ਜਵਾਨੀ ਦੇ ਜੋਸ਼ ਵਿਚ ਸਮਾਜਕ ਮਰਿਆਦਾ ਪਾਰ ਕਰ ਜਾਵੇ ਅਤੇ ਉਸਦਾ ਨਤੀਜਾ ਵੀ ਭੁਗਤੇ, ਪਰ ਉਹ ਆਪਣੇ ਨਾਲ ਧੋਖਾ ਕਰਨ ਵਾਲੇ ਨੂੰ ਕਦੇ ਮੁਆਫ਼ ਨਹੀਂ ਕਰਦੀ। ਸੰਦੀਪ ਅਤੇ ਸਿਮਰਨ ਦੀ ਵੀ ਇਹੋ ਕਹਾਣੀ ਹੈ। ਦੋਵੇਂ ਭਾਵੇਂ ਇਕ- ਦੂਜੇ ਨੂੰ ਪਿਆਰ ਕਰਦੇ ਹਨ। ਸੰਦੀਪ ਨੂੰ ਮਜਬੂਰੀ, ਪਰਿਵਾਰਕ ਹਾਲਾਤ ਜਾਂ ਕੈਨੇਡਾ ਜਾਣ ਦੇ ਲਾਲਚ ਕਾਰਨ ਸਿਮਰਨ ਤੋਂ ਦੂਰ ਹੋਣਾ ਪਿਆ। ਇਹ ਤਾਂ ਸਿਮਰਨ ਦੀ ਕਿਸਮਤ ਚੰਗੀ ਸੀ ਜੋ ਉਸ ਨੂੰ ਅਸ਼ੋਕ ਮਿੱਤਲ ਵਰਗਾ ਜੀਵਨ ਸਾਥੀ ਮਿਲ ਗਿਆ, ਜਿਸਨੇ ਕਦੇ ਉਸ ਤੋਂ ਉਸਦੇ ਵਿਆਹ ਤੋਂ ਪਹਿਲਾਂ ਦੇ ਸਬੰਧਾ ਕਰਕੇ ਉਸਦੀ ਕੁੱਖ ਵਿਚ ਪਲ ਰਹੇ ਬੱਚੇ ਦੇ ਪਿਉ ਬਾਰੇ ਕਦੇ ਨਹੀਂ ਸੀ ਪੁੱਛਿਆ ਅਤੇ ਛੇ ਸਾਲ ਬਾਅਦ ਜਦੋਂ ਸੰਦੀਪ ਅਤੇ ਸਿਮਰਨ ਕਿਸੇ ਮਾਲ ਵਿਚ ਅਚਾਨਕ ਹੀ ਮਿਲੇ(ਸਿਮਰਨ ਦਾ ਪਤੀ ਅਤੇ ਉਸਦਾ ਬੱਚਾ ਅਭਿਸ਼ੇਕ ਵੀ ਨਾਲ ਸੀ) ਤਾਂ ਉਹ ਸੰਦੀਪ ਦੀ ਜਾਣ ਪਹਿਚਾਣ ਆਪਣੇ ਜਮਾਤੀ ਦੇ ਤੌਰ ਤੇ ਕਰਵਾਉਂਦੀ ਹੈ। ਅਭਿਸ਼ੇਕ ਕਿਉਂ ਜੋ ਸੰਦੀਪ ਅਤੇ ਸਿਮਰਨ ਦੇ ਆਪਸੀ ਸੰਬੰਧਾਂ ਤੋਂ ਪੈਦਾ ਹੋਇਆ ਬੱਚਾ ਸੀ, ਇਸ ਲਈ ਉਹ ਕੁਦਰਤੀ ਇਕ-ਦੂਜੇ ਵੱਲ ਖਿੱਚੇ ਜਾਂਦੇ ਹਨ। ਕਹਾਣੀ ਦੇ ਅੰਤ ਵਿਚ ਜਦੋਂ ਉਹ ਕੁਝ ਸਮੇਂ ਲਈ ਇੱਕਲੇ ਹੁੰਦੇ ਹਨ ਤਾਂ ਸੰਦੀਪ(ਜਿਸਦਾ ਪਰਿਵਾਰਕ ਜੀਵਨ ਠੀਕ ਨਹੀਂ ਸੀ), ਸਿਮਰਨ ਤੋਂ ਮੰਗ ਕਰਦਾ ਹੈ ਕੀ ਉਹ ਵਾਪਿਸ ਕੈਨੇਡਾ ਜਾਣ ਤੋਂ ਪਹਿਲਾਂ ਇਕ-ਦੋ ਬਾਰ ਆਪਣੇ ਪੁੱਤਰ ਅਭਿਸ਼ੇਕ ਨੂੰ ਮਿਲ ਸਕਦਾ ਹੈ ਤਾਂ ਉਹ ਕਹਿੰਦੀ ਹੈ, "ਹੁਣ ਨਹੀਂ, ਸੰਦੀਪ-- ਤੂੰ ਪਹਿਲਾਂ ਵੀ ਮੈਨੂੰ ਧੋਖਾ ਦੇ ਚੁੱਕੈਂ, ਬੱਸ ਅੱਜ ਤੋਂ ਬਾਅਦ ਤੇਰਾ ਪਰਛਾਵਾਂ ਵੀ ਅਭਿਸ਼ੇਕ ਤੇ ਨਹੀਂ ਪੈਣਾ ਚਾਹੀਦਾ। ਅੰਤ ਵਿਚ ਉਹ ਆਪਣੇ ਪਤੀ ਦਾ ਹੱਥ ਪਕੜ ਕੇ ਸੰਦੀਪ ਵੱਲ ਨਫ਼ਰਤ ਭਰੀ ਨਜ਼ਰ ਨਾਲ ਦੇਖ ਚਲੀ ਜਾਂਦੀ ਹੈ।

ਕਿਤਾਬ ਦੇ ਨਾਂ ਵਾਲੀ ਕਹਾਣੀ 'ਇਹ ਤਾਂ ਮੈਂ ਹੀ ਹਾਂ' ਇਕ ਨਵੇਕਲੀ ਕਹਾਣੀ ਹੈ। ਸੱਸ ਅਤੇ ਨੂੰਹ ਮੁੱਖ ਪਾਤਰ ਹਨ। ਨਿੰਦਰ ਦਾ ਪਤੀ ਸਹਿਦੇਵ ਤਾਂ ਗੌਣ ਪਾਤਰ ਹੀ ਹੈ। ਅਸਲ ਗੱਲ ਇਹ ਹੈ ਕਿ ਸਹਿਦੇਵ ਅਤੇ ਨਿੰਦਰ ਦੇ ਵਿਆਹ ਨੂੰ ਪੰਜ ਸਾਲ ਹੋ ਗਏ ਹਨ। ਸ਼ੁਰੂ ਵਿਚ ਪਤੀ-ਪਤਨੀ ਦੀ ਬਾਹਵਾ ਬਣਦੀ ਸੀ, ਪਰ ਫੇਰ ਪਤਾ ਨਹੀਂ ਕੀ ਹੋਇਆ ਦੋਹਾਂ ਦਾ ਕਲੇਸ਼ ਰੋਜਾਨਾ ਹੋਣ ਲੱਗਾ। ਸਹਿਦੇਵ ਦੀ ਸ਼ਰਾਬ ਦੀ ਲਤ ਦਿਨੋ ਦਿਨ ਵੱਧਦੀ ਗਈ। ਪਤੀ ਨਾਲ ਬੋਲ-ਬੁਲਾਰੇ ਦੇ ਬਾਵਜੂਦ ਨਿੰਦਰ ਆਪਣੀ ਸੱਸ ਦਾ ਪੂਰਾ ਧਿਆਨ ਰੱਖਦੀ। ਇਸ ਲਈ ਸਹਿਦੇਵ ਦੀ ਮਾਂ ਨੂੰ ਆਪਣੇ ਪੁੱਤਰ ਦਾ ਹੀ ਜਿਆਦਾ ਕਸੂਰ ਲੱਗਦਾ। ਆਪਣੇ ਮੁੰਡੇ ਦੀ ਸ਼ਰਾਬ ਦੀ ਆਦਤ ਤੋਂ ਉਹ ਵੀ ਬਹੁਤ ਦੁਖੀ ਸੀ, ਕਿਉਂ ਕਿ ਉਸਦਾ ਘਰ ਵੀ ਸ਼ਰਾਬ ਨੇ ਹੀ ਬਰਬਾਦ ਕੀਤਾ ਸੀ। ਸਹਿਦੇਵ ਅਜੇ ਚਾਰ ਸਾਲ ਦਾ ਹੀ ਸੀ ਕਿ ਉਸਦਾ ਪਤੀ ਹਰਬੰਸ ਜਿਆਦਾ ਨਸ਼ਿਆਂ ਕਾਰਨ ਮੁੱਕ ਗਿਆ ਸੀ। ਹੌਲੀ-ਹੌਲੀ ਸਹਿਦੇਵ ਸ਼ਰਾਬ ਦੇ ਨਾਲ ਹੋਰ ਨਸ਼ੇ ਵੀ ਕਰਨ ਲੱਗ ਪਿਆ। ਸਹਿਦੇਵ ਦੇ ਨਸ਼ਿਆਂ ਕਾਰਨ ਨਿੰਦਰ ਦਾ ਝੁਕਾਅ ਆਪਣੇ ਪਤੀ ਦੇ ਤਾਏ ਦੇ ਮੁੰਡੇ ਬਲਬੀਰ ਵੱਲ ਹੋ ਗਿਆ। ਸਹਿਦੇਵ ਇਸ ਗੱਲ ਤੋਂ ਵੀ ਵੱਟਿਆ ਰਹਿੰਦਾ। ਨਿੰਦਰ ਦੀ ਸੱਸ ਨੂੰ ਵੀ ਇਹ ਚੰਗਾ ਨਾ ਲੱਗਦਾ, ਪਰ ਉਹ ਆਪਣੀ ਨੂੰਹ ਨੂੰ ਵੀ ਕੁਝ ਕਹਿਣ ਤੋਂ ਝਿਝਕਦੀ ਸੀ। ਅਸਲ ਵਿਚ ਉਸਨੂੰ ਆਪਣਾ ਸਮਾਂ ਯਾਦ ਆ ਗਿਆ ਜਦੋਂ ਉਸਦੀ ਸੱਸ ਨੇ ਉਸ ਨੂੰ ਸਰੂਪ ਨਾਲ ਬੈਠੇ ਦੇਖ ਲਿਆ ਸੀ ਅਤੇ ਸਾਰੇ ਘਰ ਵਿਚ ਇਸਦਾ ਰੌਲਾ ਵੀ ਪਾ ਦਿੱਤਾ ਸੀ।

ਇਕ ਦਿਨ ਜਦ ਸਹਿਦੇਵ ਕਿਤੇ ਬਾਹਰ ਗਿਆ ਹੋਇਆ ਸੀ ਤਾਂ ਉਸ ਨੂੰ ਨਿੰਦਰ ਦੇ ਕਮਰੇ ਵਿਚੋਂ ਅਵਾਜ਼ਾਂ ਆਉਂਦੀਆਂ ਸੁਣਾਈ ਦਿੱਤੀਆਂ। ਉਸਨੇ ਜਾ ਕੇ ਦਰਵਾਜ਼ਾ ਖੜਕਾਇਆ। ਕੋਈ ਪਰਛਾਵਾਂ ਜਿਹਾ ਬਾਹਰ ਨਿਕਲਿਆ। ਨਿੰਦਰ ਦੀ ਸੱਸ ਨੇ ਪਹਿਚਾਣ ਲਿਆ ਕਿ ਉਹ ਬਲਵੀਰ ਸੀ। ਨਿੰਦਰ ਬਿਲਕੁਲ ਨਾ ਘਬਰਾਈ। ਜਦੋਂ ਸੱਸ ਨੇ ਕੁਝ ਉਜਰ ਕੀਤਾ ਤਾਂ ਨਿੰਦਰ ਆਪਣੇ ਆਪ ਨੂੰ ਰੋਕ ਨਾ ਸਕੀ ਅਤੇ ਨਿਡਰਤਾ ਨਾਲ ਬੋਲੀ, "ਤੁਹਾਡੇ ਪੁੱਤਰ ਵਿਚ ਹੁਣ ਉਹ ਤਿੰਨ ਕਾਣੇ ਨਹੀਂ ਜੋ ਬਲਵੀਰ ਨੂੰ ਇਥੇ ਆਉਣ ਤੋਂ ਰੋਕ ਸਕਣ---ਇਹ ਕੰਮ ਮਰਦਾ ਦਾ ਹੁੰਦਾ ਹੈ-- ਹੁਣ ਤੁਸੀਂ ਸੋਚੋ ਕਿ ਆਪਣੇ ਪੁੱਤਰ ਦੀ ਇੱਜ਼ਤ ਰੱਖਣੀ ਹੈ ਜਾਂ ਨਹੀਂ।" ਲੇਖਕ ਨੇ ਨਿੰਦਰ ਦਾ ਦਰਦ ਉਸਦੇ ਬੋਲਾਂ ਰਾਹੀਂ ਪ੍ਰਗਟਾ ਦਿੱਤਾ, ਪਰ ਸੱਸ ਦੀ ਹਾਲਤ ਉਸਦੀ ਸੋਚ ਰਾਹੀਂ ਦਰਸਾ ਦਿੱਤੀ--ਮੈਨੂੰ ਲੱਗਦਾ ਹੈ ਕਿ ਜ਼ਿੰਦਗੀ ਦੇ ਰੰਗ ਮੰਚ 'ਤੇ ਮੈਂ ਆਪਣੇ ਆਪ ਨੂੰ ਦੁਹਰਾ ਰਹੀ ਹਾਂ। ਇਸ ਘਰ ਨੂੰ ਜਾਇਦਾਦ ਦਾ ਵਾਰਸ ਦੇਣ ਮੈਨੂੰ ਵੀ ਤਾਂ ਅਜਿਹਾ ਕਰਨਾ ਪਿਆ ਸੀ। ਇਸ ਕਹਾਣੀ ਵਿਚ ਕਹਾਣੀਕਾਰ ਨੇ ਬੜੇ ਸੰਜਮ ਨਾਲ ਔਰਤ ਦੀਆਂ ਅੰਦਰੂਨੀ ਲਾਲਸਾਵਾਂ ਨੂੰ ਪਾਠਕਾਂ ਦੇ ਸਨਮੁੱਖ ਕਰ ਦਿੱਤਾ ਹੈ ਅਤੇ ਸੱਸ-ਨੂੰਹ ਦੇ ਇਕੋ ਜਿਹੇ ਦੁਖਾਂਤ ਨੂੰ ਕਲਮਬੰਦ ਕੀਤਾ ਹੈ। ਨਿਸ਼ਚੇ ਹੀ ਇਹ ਕਹਾਣੀ ਪੰਜਾਬੀ ਦੀਆਂ ਸਿਰਮੌਰ ਕਹਾਣੀਆਂ ਵਿਚੋਂ ਇਕ ਹੈ।

'ਗਰਮ ਗੁਲਾਬੀ ਕੋਟ' ਵਿਚ ਇਕ ਵਾਰ ਫੇਰ ਪਰਿਵਾਰਕ ਦੁਖਾਂਤ ਨੂੰ ਪੇਸ਼ ਕਰਦੇ ਹੋਏ ਕਹਾਣੀਕਾਰ ਨੇ ਇਕ ਬੇਬਸ ਔਰਤ ਦੀ ਉਸ ਅਵਸਥਾ ਦਾ ਜ਼ਿਕਰ ਕੀਤਾ ਹੈ, ਜਿਥੇ ਉਸ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਹ ਕੀ ਕਰੇ। ਇਹੋ ਨਹੀਂ ਸਾਡੇ ਸਮਾਜ ਦੇ ਉਸ ਵਰਤਾਰੇ ਨੂੰ ਵੀ ਚਿਤਰਿਆ ਹੈ, ਜਿਸ ਵਿਚ ਮਾੜੇ ਹਾਲਾਤ ਵਿਚ ਵੀ ਨਵੀਂ ਜ਼ਿੰਦਗੀ ਦੀ ਭਾਲ ਕਰਨ ਲਈ ਦੇਰ ਨਹੀਂ ਲਾਈ ਜਾਂਦੀ। ਕਮਲ ਦਾ ਜੀਵਨ ਸਾਥੀ ਹਰਮਨ ਛੋਟੀ ਉਮਰ ਵਿਚ ਹੀ ਰੱਬ ਨੂੰ ਪਿਆਰਾ ਹੋ ਜਾਂਦਾ ਹੈ। ਇਸ ਦੁਖਦਾਇਕ ਘਟਨਾ ਦੇ ਛੇ ਦਿਨ ਬਾਅਦ ਹੀ ਕਮਲ ਦੀ ਭਰਜਾਈ ਉਸ ਨੂੰ ਪੁੱਛਦੀ ਹੈ, "ਅੱਗੇ ਲਈ ਕੀ ਸੋਚਿਐ" ਅਤੇ ਇਹ ਵੀ ਕਹਿ ਦਿੰਦੀ ਹੈ, "ਜਵਾਨ ਉਮਰ ਵਿਚ ਔਰਤ ਦੀ ਭੁੱਖ ਕੇਵਲ ਰੋਟੀ ਨਾਲ ਨਹੀਂ ਮਿਟਦੀ----ਉਸ ਦੀਆਂ ਹੋਰ ਵੀ ਕਈ ਮਾਨਸਿਕ ਲੋੜਾਂ ਹੁੰਦੀਆਂ ਹਨ----ਅਤੇ ਨਾਲ ਦੀ ਨਾਲ ਉਸਦੇ ਦਿਉਰ ਦਿਲਬਾਗ ਵਾਰੇ ਵੀ ਉਸਦੀ ਰਾਏ ਪੁੱਛਦੀ ਹੈ। ਕਮਲ ਦੇ ਪਿਉ ਦੀ ਵੀ ਇਕ ਗੱਲ ਕਮਲ ਤੱਕ ਪਹੁੰਚ ਜਾਦੀ ਹੈ ਕਿ "ਜਾਂ ਤਾਂ ਦਿਲਬਾਗ, ਹਰਮਨ ਦੀ ਥਾਂ ਉਹਨਾਂ ਤੋਂ ਪੱਗ ਲੈ ਲਵੇ, ਨਹੀਂ ਉਹ ਜੱਸੀ(ਕਮਲ ਅਤੇ ਹਰਮਨ ਦੀ ਛੋਟੀ ਜਿਹੀ ਬੱਚੀ) ਨੂੰ ਸਾਂਭਣ ਤੇ ਅਸੀਂ ਆਪਣੀ ਕੁੜੀ ਲਈ ਕੋਈ ਹੋਰ ਮੁੰਡਾ ਲੱਭੀਏ।' ਅਜਿਹੇ ਵਤੀਰੇ ਰਾਂਹੀ ਇਹ ਦਰਸਾਇਆ ਹੈ ਕਿ ਔਰਤ ਦੀਆਂ ਅੰਦਰੂਨੀ ਭਾਵਨਾਵਾਂ ਨੂੰ ਤਾਂ ਸਮਝਣਾ ਹੀ ਨਹੀਂ। ਕਮਲ ਦੇ ਦਿਲੋ-ਦਿਮਾਗ ਵਿਚ ਜੋ ਹਲਚੱਲ ਮੱਚੀ ਹੋਈ ਹੈ, ਉਸ ਨੂੰ ਕੋਈ ਸਮਝਣ ਦਾ ਯਤਨ ਹੀ ਨਹੀਂ ਕਰ ਰਿਹਾ। ਅਸਲ ਵਿਚ ਕਮਲ ਨੇ ਆਪਣੇ ਦਿਉਰ ਦੇ ਕਹਿਣ ਤੇ ਉਸਦੀ ਗੱਲ ਆਪਣੀ ਬਚਪਨ ਦੀ ਸਹੇਲੀ ਜਸ਼ਨਪ੍ਰੀਤ ਨਾਲ ਕਰਵਾ ਦਿੱਤੀ ਸੀ ਅਤੇ ਦੋਹਾਂ ਨੂੰ ਇੱਕਠੇ ਕਰਨ ਦੀ ਹਾਮੀ ਵੀ ਭਰ ਦਿੱਤੀ ਸੀ। ਉਸ ਨੂੰ ਪਤਾ ਹੈ ਕਿ ਦਿਲਬਾਗ, ਜਸਨਪ੍ਰੀਤ ਨੂੰ ਦਿਲੋਂ ਪਿਆਰ ਕਰਦਾ ਹੈ। ਉਹ ਕਿਵੇ ਆਪਣੇ ਲਈ ਉਹਨਾਂ ਦੀ ਜੋੜੀ ਤੋੜ ਦੇਵੇ। ਇਸਦੇ ਨਾਲ ਹੀ ਉਸਦੇ ਮਨ ਵਿਚ ਇਹ ਖਿਆਲ ਵੀ ਜਨਮ ਲੈਂਦਾ ਹੈ, 'ਜਸਨਪ੍ਰੀਤ ਨੂੰ ਹੋਰ ਮੁੰਡਿਆਂ ਦਾ ਘਾਟਾ ਨਹੀਂ---ਆਪੇ ਚਾਰ ਦਿਨਾਂ ਵਿਚ ਦਿਲਬਾਗ ਨੂੰ ਭੁੱਲ ਜਾਊ----ਪਰ ਜੱਸੀ ਨੂੰ ਦਿਲਬਾਗ ਤੋਂ ਬਗੈਰ ਹੋਰ ਕਿਸੇ ਨੇ ਬਾਪ ਦਾ ਪਿਆਰ ਨਹੀਂ ਦੇਣਾ---ਐਵੇਂ ਭਾਵੁਕ ਨਾ ਹੋ---ਠੰਡੇ ਦਿਮਾਗ ਨਾਲ ਪੇਕੇ ਘਰ ਦੀ ਤਜ਼ਵੀਜ 'ਤੇ ਵਿਚਾਰ ਕਰ।' ਕਮਲ ਦੀ ਅਜਿਹੀ ਦੋ ਪਾਸੜ ਸੋਚ ਗੈਰ- ਕੁਦਰਤੀ ਨਹੀਂ, ਸਗੋਂ ਉਸਦੇ ਅੰਦਰੂਨੀ ਦਵੰਦ ਨੂੰ ਪੇਸ਼ ਕਰਦੀ ਹੈ।ਸਾਰੀਆਂ ਹੀ ਕਹਾਣੀਆਂ ਵਿਚ ਵਾਰਤਾਲਾਪ ਪਾਤਰਾਂ ਦੇ ਚਿਤਰਣ ਨੂੰ ਉਭਾਰਣ ਵਿਚ ਸਹਾਈ ਹੁੰਦੇ ਹਨ। ਕਹਾਣੀਆਂ ਪਾਠਕਾਂ ਨੂੰ ਆਪਣੇ ਵਹਾ ਵਿਚ ਵਹਾ ਕੇ ਲੈ ਜਾਂਦੀਆਂ ਹਨ। ਕਹਾਣੀ ਪੜ੍ਹਨ ਤੋਂ ਬਾਅਦ ਵੀ ਕਹਾਣੀਆਂ ਦੇ ਪਾਤਰ, ਪਾਠਕਾਂ ਦੇ ਮਨ-ਮਸਤਕ ਵਿਚ ਵਿਚਰਦੇ ਹਨ। ਨਿਰਸੰਦੇ 'ਇਹ ਤਾਂ ਮੈਂ ਹੀ ਹਾਂ' ਕਹਾਣੀ ਸੰਗ੍ਰਹਿ ਪੰਜਾਬੀ ਕਹਾਣੀ ਦੀ ਅਮੀਰ ਵਿਰਾਸਤ ਨੂੰ ਅੱਗੇ ਤੋਰਦਾ ਹੈ ਅਤੇ ਕਹਾਣੀਕਾਰ ਨਿਰੰਜਣ ਬੋਹਾ ਇਕ ਵਾਰ ਫੇਰ ਸਮਰਥ ਕਹਾਣੀਕਾਰ ਦੇ ਤੌਰ ਤੇ ਆਪਣੀ ਵੱਖਰੀ ਪਹਿਚਾਣ ਨੂੰ ਹੋਰ ਗੂੜੀ ਕਰਦਾ ਹੈ। 106 ਪੰਨਿਆ ਦੀ ਇਹ ਪੁਸਤਕ 'ਊੜਾ ਪਬਲੀਕੇਸ਼ਨ', ਮੋਗਾ ਨੇ ਪ੍ਰਕਾਸ਼ਿਤ ਕੀਤੀ ਹੈ।

**ਰਵਿੰਦਰ ਸਿੰਘ ਸੋਢੀ**
**raivndersodih51@gmial.com**
**ਕੈਲਗਰੀ(ਕੈਨੇਡਾ)**

# ਕੁਦਰਤੀ ਆਫ਼ਤਾਂ ਅਤੇ ਮਨੁੱਖੀ ਵਿਕਾਸ

ਕੁਦਰਤੀ ਆਫ਼ਤਾਂ ਮਨੁੱਖੀ ਜੀਵਨ ਲਈ ਸਭ ਤੋਂ ਵੱਡੀਆਂ ਮੁਸ਼ਕਲਾਂ ਵਿੱਚੋਂ ਇੱਕ ਹਨ। ਇਹ ਉਹ ਘਟਨਾਵਾਂ ਹਨ ਜੋ ਮਨੁੱਖੀ ਹੱਥੋਂ ਪੈਦਾ ਨਹੀਂ ਹੁੰਦੀਆਂ, ਸਗੋਂ ਕੁਦਰਤ ਦੇ ਅਚਾਨਕ ਬਦਲਾਅ ਨਾਲ ਜਨਮ ਲੈਂਦੀਆਂ ਹਨ।

ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਨਾਲ ਅਸੀਂ ਬਹੁਤ ਕੁਝ ਜਾਣ ਲਿਆ ਹੈ, ਪਰ ਅਜੇ ਵੀ ਕੁਦਰਤ ਦੇ ਪ੍ਰਕੋਪਾਂ ਨੂੰ ਰੋਕਣਾ ਅਸੰਭਵ ਹੈ।

ਕੁਦਰਤੀ ਆਫ਼ਤਾਂ ਕਈ ਕਿਸਮਾਂ ਦੀਆਂ ਹੁੰਦੀਆਂ ਹਨ। ਭੂਚਾਲ ਧਰਤੀ ਦੇ ਅੰਦਰਲੇ ਹਿੱਸੇ ਵਿੱਚ ਹਿਲਜੁਲ ਕਾਰਨ ਆਉਂਦਾ ਹੈ ਅਤੇ ਵੱਡੇ ਪੱਧਰ ਦੀ ਤਬਾਹੀ ਮਚਾਉਂਦਾ ਹੈ। ਹੜ੍ਹ ਵੱਧ ਮੀਂਹ ਪੈਣ ਜਾਂ ਦਰਿਆਵਾਂ ਦੇ ਕੰਢੇ ਟੁੱਟਣ ਨਾਲ ਆਉਂਦਾ ਹੈ, ਜੋ ਖੇਤਾਂ, ਪਿੰਡਾਂ ਅਤੇ ਸ਼ਹਿਰਾਂ ਨੂੰ ਡੁਬੋ ਦਿੰਦਾ ਹੈ। ਸੁੱਕਾ ਲੰਬੇ ਸਮੇਂ ਤੱਕ ਮੀਂਹ ਨਾ ਪੈਣ ਨਾਲ ਹੁੰਦਾ ਹੈ ਜਿਸ ਨਾਲ ਖੇਤੀਬਾੜੀ ਪ੍ਰਭਾਵਿਤ ਹੁੰਦੀ ਹੈ ਅਤੇ ਪਾਣੀ ਦੀ ਕਮੀ ਪੈਦਾ ਹੁੰਦੀ ਹੈ। ਤੂਫ਼ਾਨ ਤੇਜ਼ ਹਵਾਵਾਂ ਅਤੇ ਬਾਰਿਸ਼ ਨਾਲ ਆਉਂਦਾ ਹੈ, ਖ਼ਾਸ ਤੌਰ 'ਤੇ ਸਮੁੰਦਰੀ ਇਲਾਕਿਆਂ ਵਿੱਚ। ਜੰਗਲਾਂ ਦੀ ਅੱਗ ਗਰਮੀ ਅਤੇ ਸੁੱਕੇ ਮੌਸਮ ਕਾਰਨ ਫੈਲਦੀ ਹੈ ਜੋ ਜਾਨਵਰਾਂ ਅਤੇ ਵਾਤਾਵਰਣ ਲਈ ਖ਼ਤਰਨਾਕ ਹੁੰਦੀ ਹੈ। ਇਸੇ ਤਰ੍ਹਾਂ ਭੂਸਖਲਨ ਪਹਾੜੀ ਇਲਾਕਿਆਂ ਵਿੱਚ ਬਹੁਤ ਨੁਕਸਾਨ ਕਰਦਾ ਹੈ।

ਕੁਦਰਤੀ ਆਫ਼ਤਾਂ ਦੇ ਕਾਰਨਾਂ ਵਿੱਚ ਧਰਤੀ ਦੇ ਅੰਦਰਲੇ ਬਦਲਾਅ, ਅਸਮਾਨੀ ਤਬਦੀਲੀਆਂ, ਤੇਜ਼ ਮੀਂਹ, ਵੱਧ ਗਰਮੀ ਅਤੇ ਵਾਤਾਵਰਣਕ ਬਦਲਾਅ ਸ਼ਾਮਲ ਹਨ। ਪਰ ਇਨ੍ਹਾਂ ਵਿੱਚ ਮਨੁੱਖੀ ਲਾਪਰਵਾਹੀ ਵੀ ਅਹਿਮ ਹੈ। ਜੰਗਲਾਂ ਦੀ ਬੇਤਰਤੀਬੀ ਨਾਲ ਕਟਾਈ, ਗਲਤ ਖੇਤੀਬਾੜੀ ਦੇ ਢੰਗ, ਅਤੇ ਪ੍ਰਦੂਸ਼ਣ ਵੀ ਕੁਦਰਤੀ ਆਫ਼ਤਾਂ ਨੂੰ ਹੋਰ ਭਿਆਨਕ ਬਣਾ ਰਹੇ ਹਨ।

ਇਨ੍ਹਾਂ ਆਫ਼ਤਾਂ ਤੋਂ ਬਚਾਅ ਲਈ ਸਾਵਧਾਨੀਆਂ ਜ਼ਰੂਰੀ ਹਨ। ਸਰਕਾਰਾਂ ਵੱਲੋਂ ਤੁਰੰਤ ਰਾਹਤ ਕੇਂਦਰ ਬਣਾਉਣੇ ਚਾਹੀਦੇ ਹਨ। ਲੋਕਾਂ ਨੂੰ ਸੁਰੱਖਿਆ ਸਿੱਖਿਆ ਦੇਣੀ ਚਾਹੀਦੀ ਹੈ। ਸੈਟੇਲਾਈਟ ਅਤੇ ਤਕਨਾਲੋਜੀ ਦੀ ਮਦਦ ਨਾਲ ਪਹਿਲਾਂ ਤੋਂ ਚੇਤਾਵਨੀ ਪ੍ਰਣਾਲੀ ਤਿਆਰ ਕਰਨੀ ਚਾਹੀਦੀ ਹੈ ਤਾਂ ਜੋ ਜਾਨੀ ਨੁਕਸਾਨ ਘਟ ਸਕੇ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਕੁਦਰਤੀ ਆਫ਼ਤਾਂ ਪੂਰੀ ਤਰ੍ਹਾਂ ਰੋਕੀਆਂ ਨਹੀਂ ਜਾ ਸਕਦੀਆਂ, ਪਰ ਸਿਆਣਪ, ਵਿਗਿਆਨ ਅਤੇ ਇਕੱਠੇ ਕੋਸ਼ਿਸ਼ ਨਾਲ ਉਨ੍ਹਾਂ ਦੇ ਪ੍ਰਭਾਵ ਨੂੰ ਘਟਾਇਆ ਜਾ ਸਕਦਾ ਹੈ। ਮਨੁੱਖੀ ਏਕਤਾ, ਸਹਿਯੋਗ ਅਤੇ ਤਿਆਰੀ ਹੀ ਕੁਦਰਤੀ ਪ੍ਰਕੋਪਾਂ ਨਾਲ ਜੂਝਣ ਦਾ ਸੱਚਾ ਹੱਲ ਹੈ।



**ਮੰਜੂ ਰਾਇਕਾ**
**ਭਿੰਡਰਾਂ (ਸੰਗਰੂਰ)**

# ਤਣਾਅ ਦੇ ਤਾਣੇ ਬਾਣੇ ਵਿੱਚ ਉਲਝਿਆ ਮਨੁੱਖੀ ਸਮਾਜ

**ਸੁਖਮੰਦਰ ਸਿੰਘ ਤੂਰ**

ਅੱਜ ਦੇ ਮਨੁੱਖ ਦੀਆਂ ਲੋੜਾਂ ਦਾ ਕੋਈ ਅੰਤ ਨਹੀਂ ਹੈ ਅਤੇ ਹਰ ਚੀਜ਼ ਦੀ ਪ੍ਰਾਪਤੀ ਲਈ ਉਸ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਇਕ ਚੀਜ਼, ਫਿਰ ਦੂਜੀ ਅਤੇ ਫਿਰ ਤੀਜੀ ਚੀਜ਼ ਪ੍ਰਾਪਤ ਕਰਨ ਦੀ ਖਾਤਰ ਲੋਕ ਪ੍ਰੇਸ਼ਾਨ ਹੋ ਉੱਠਦੇ ਹਨ ਤੇ ਕੁਦਰਤੀ ਗੱਲ ਹੈ ਕਿ ਦਿਮਾਗ ਉਲਝੇਗਾ। ਖਾਸ ਤੌਰ 'ਤੇ ਅੱਜ-ਕੱਲ੍ਹ ਮਨੁੱਖ ਆਪਣੇ ਤੋਂ ਵੱਡੇ ਲੋਕਾਂ ਨੂੰ ਵੇਖ ਕੇ ਉਸੇ ਤਰ੍ਹਾਂ ਬਣਨ ਦੀ ਕੋਸ਼ਿਸ਼ ਕਰਦਾ ਹੈ ਤੇ ਉਸ ਦੇ ਦਿਲ/ਦਿਮਾਗ.'ਤੇ ਲਗਾਤਾਰ ਤਨਾਅ ਬਣਿਆ ਰਹਿੰਦਾ ਹੈ ਤੇ ਜੇਕਰ ਉਸ ਨੂੰ ਕੁਝ ਵੀ ਪ੍ਰਾਪਤ ਨਾ ਹੋਵੇ ਤਾਂ ਉਹ ਹੀਣ-ਭਾਵਨਾ ਨਾਲ ਭਰ ਜਾਂਦਾ ਹੈ ਤੇ ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਮੌਤ ਨੂੰ ਮੰਗਦਾ ਹੈ ਅਤੇ ਕਈ ਵਾਰ ਆਤਮਹੱਤਿਆ ਵਰਗਾ ਕਦਮ ਵੀ ਚੁੱਕ ਲੈਂਦਾ ਹੈ। ਇਸ ਤਰ੍ਹਾਂ ਤੁਸੀਂ ਵੇਖੋ ਕਿ ਕੁਝ ਮਿਲੇ ਜਾਂ ਨਾ ਮਿਲੇ ਦੋਹਾਂ ਹਾਲਤਾਂ ਵਿਚ ਹੀ ਉਹ ਚਿੰਤਾ ਨਾਲ ਘਿਰਿਆ ਰਹਿੰਦਾ ਹੈ ਅਤੇ ਫਿਰ ਇਹੀ ਚਿੰਤਾ ਮਾਨਸਿਕ ਰੋਗਾਂ ਦਾ ਕਾਰਨ ਬਣਦੀ ਹੈ।

ਹਾਂ, ਕੰਮ ਜਾਂ ਨੌਕਰੀ ਦਾ ਤਨਾਅ ਜਿਸ ਤੋਂ ਮਨੁੱਖ ਨੂੰ ਪੈਸਾ, ਸ਼ੌਹਰਤ, ਤਰੱਕੀ ਆਦਿ ਸਭ ਸੰਘਰਸ਼ ਕਰਕੇ ਪ੍ਰਾਪਤ ਹੁੰਦਾ ਹੈ। ਇਹ ਤਨਾਅ ਮਾੜਾ ਨਹੀਂ ਹੈ, ਕਿਉਂਕਿ ਪ੍ਰਾਪਤੀ ਮਗਰੋਂ ਮਨੁੱਖ ਖੁਸ਼ ਹੋ ਜਾਂਦਾ ਹੈ। ਇਸ ਖੁਸ਼ੀ ਵਿਚ ਉਹ ਆਪਣੇ - ਆਪ ਨੂੰ ਸੁਖਾਵਾਂ ਅਤੇ ਬਿਹਤਰ ਮਹਿਸੂਸ ਕਰਦਾ ਹੈ ਅਤੇ ਇਸੇ ਤਰ੍ਹਾਂ ਤਨਾਅ ਆਪੇ ਘੱਟ ਜਾਂਦਾ ਹੈ। ਪਰ ਫਾਲਤੂ ਦੇ ਤਨਅ ਵੀ ਅਸੀਂ ਜ਼ਿੰਦਗੀ ਵਿਚ ਬਹੁਤ ਪਾਲ ਰੱਖੇ ਹਨ। ਘਰ 'ਚ ਔਰਤਾਂ ਦਰਾਣੀ - ਜਠਾਣੀ ਆਪਸ ਵਿਚ ਈਰਖਾ ਕਰਕੇ, ਸੱਸ-ਸਹੁਰੇ ਨਾਲ ਵਿਗਾੜ ਕੇ ਬਾਹਰ ਸੁਖ ਲੱਭਦੀਆਂ ਹਨ। ਗੁਆਂਢਣਾਂ, ਸਹੇਲੀਆਂ ਦੂਰ ਦੇ ਜਾਣ-ਪਛਾਣ ਦਿਆਂ ਨਾਲ ਉਹ ਖੁਸ਼ ਰਹਿੰਦੀਆਂ ਹਨ, ਪਰ ਘਰ ਤਾਂ ਉਹੀ ਹੈ ਨਾ, ਫਿਰ ਤਨਾਅ ।ਫਿਰ ਰਹਿਣੀ-ਬਹਿਣੀ ਦੇ ਤੌਰ-ਤਰੀਕੇ ਗਲਤ ਹੋਣਾ ਤੇ ਕੰਮਾਂ ਨੂੰ ਜ਼ਿੰਮੇਵਾਰੀ ਨਾਲ ਨਾ ਨਿਭਾਉਣਾ ਆਖਿਰ ਤਨਾਅ ਨੂੰ ਜਨਮ ਦਿੰਦੇ ਹਨ।

ਔਰਤਾਂ - ਮਰਦ ਦਫਤਰਾਂ ਆਦਿ 'ਚ ਇਕੱਠੇ ਹੀ ਕੰਮ ਕਰਦੇ ਹਨ। ਸਮੱਸਿਆਵਾਂ ਇੱਥੇ ਵੀ ਹਨ। ਆਫਿਸ.'ਚ ਇਕੋ ਜਿਹਾ ਕੰਮ ਕਰਨ ਵਾਲੇ ਦੋ ਸਾਥੀ ਆਪਣੇ-ਆਪ ਨੂੰ ਚੰਗਾ ਕਾਮਾ ਸਾਬਤ ਕਰਨ ਲਈ ਕਈ ਕੋਸ਼ਿਸ਼ਾਂ ਕਰਦੇ ਹਨ। ਇਹ ਕੋਸ਼ਿਸ਼ਾਂ ਆਮਤੌਰ 'ਤੇ ਇਕ-ਦੂਜੇ ਨੂੰ ਨੀਵਾਂ ਦਿਖਾਉਣ ਲਈ ਹੁੰਦੀਆਂ ਹਨ। ਕਈ ਵਾਰੀ ਤਾਂ ਇਹ ਤਨਾਅ ਇੰਨਾ ਵਧ ਜਾਂਦਾ ਹੈ ਕਿ ਘਰ ਬੈਠੇ ਹੀ ਉਹ ਦਫਤਰ ਦੀਆਂ ਗੱਲਾਂ ਹੀ ਵਿਚਾਰਦੇ ਰਹਿੰਦੇ ਹਨ। ਫਿਰ ਦਫਤਰਾਂ 'ਚ ਵੱਡੇ ਅਫਸਰ ਆਪਣੇ ਤੋਂ ਥੱਲੇ ਕੰਮ ਕਰਨ ਵਾਲਿਆਂ ਨੂੰ ਤੰਗ/ਪ੍ਰੇਸ਼ਾਨ ਕਰਦੇ ਰਹਿੰਦੇ ਹਨ। ਕੰਮ ਦਾ ਜ਼ੋਰ ਤੇ ਉੱਤੋਂ ਪ੍ਰੇਸ਼ਾਨੀ ਦੋਵੇਂ ਮਿਲ ਕੇ ਬੰਦੇ ਦਾ ਦਿਮਾਗ ਚਕਰਾ ਦਿੰਦੇ ਹਨ। ਇਸ ਤਰ੍ਹਾਂ ਮਿੱਤਰਤਾ ਵਾਲਾ ਵਿਵਹਾਰ ਨਾ ਹੋਣਾ ਵੀ ਤਨਾਅ ਨੂੰ ਜਨਮ ਦਿੰਦਾ ਹੈ। ਇਸ ਤੋਂ ਇਲ-ਾਵਾ ਵੀ ਮਨੁੱਖ ਦੀਆਂ ਮੁਸ਼ਕਲਾਂ ਹੁੰਦੀਆਂ ਹਨ। ਕੋਈ ਆਪਣੇ ਪਰਿਵਾਰ ਤੋਂ ਦੂਰ ਇਕੱਲਾ ਰਹਿ ਰਿਹਾ ਹੁੰਦਾ ਹੈ ਜਾਂ ਫਿਰ ਇਕੱਲਾ ਨਾ ਵੀ ਹੋਵੇ ਪਰਿਵਾਰ 'ਚ ਰਹਿੰਦੇ ਹੋਏ ਵੀ ਪਰਿਵਾਰ ਨਾਲ ਸਬੰਧਤ ਚੰਗੇ ਨਾ ਹੋਣਾ। ਪਤੀ-ਪਤਨੀ.'ਚ ਆਪਸ ਨਾ ਬਣਦੀ ਹੋਵੇ। ਇਹ ਗੱਲਾਂ ਤਨਾਅ ਦਾ ਵੱਡਾ ਕਾਰਨ ਬਣਦੀਆਂ ਹਨ। ਮਨੁੱਖ ਅੰਦਰ ਚੱਲ ਰਹੀ ਤਨਾਅ ਦੀ ਇਹ ਪ੍ਰਵਿਰਤੀ ਉਸ ਨੂੰ ਮਾਨਸਿਕ ਰੋਗੀ ਬਣਾ ਦਿੰਦੀ ਹੈ। ਜਦੋਂ ਮਨੁੱਖ ਮਾਨਸਿਕ ਰੋਗੀ ਹੋ ਜਾਂਦਾ ਹੈ ਤਾਂ ਮਨੋ - ਰੋਗ ਡਾਕਟਰ ਦੀ ਸਲਾਹ ਲਈ ਜਾਂਦੀ ਹੈ, ਉਹ ਰੋਗੀ ਨੂੰ ਸਮਝਾਉਂਦਾ ਹੈ ਅਤੇ ਦਵਾਈਆਂ ਵੀ ਦਿੰਦਾ ਹੈ। ਡਾਕਟਰ ਦਾ ਸਮਝਾਉਣਾ ਤਾਂ ਠੀਕ ਹੈ, ਪਰ ਦਵਾਈਆਂ ਵਧੀਆ ਇਲਾਜ ਨਹੀਂ ਹੈ। ਇਸ ਦਾ ਅਸਲ ਇਲਾਜ ਪਿਆਰ ਅਤੇ ਸ਼ਾਂਤੀ ਹੈ, ਕਿਉਂਕਿ ਪਿਆਰ ਅਤੇ ਸ਼ਾਂਤੀ ਇਕ ਵੱਡੀ ਤਾਕਤ ਹੈ ।










ਰੈਡ ਕਰਾਸ ਜਲੰਧਰ ਵਿਖੇ ਹੜ੍ਹ ਪੀੜਤਾਂ ਲਈ ਵਲੰਟੀਅਰਜ਼ ਵਲੋਂ ਤਿਆਰ ਕੀਤੀਆਂ ਫੂਡ ਕਿਟਾਂ ਦਾ ਜਾਇਜ਼ਾ ਲੈਂਦੇ ਹੋਏ ਮਾਨਯੋਗ ਡਾ. ਹਿਮਾਂਸ਼ੂ ਅਗਰਵਾਲ (ਆਈ.ਏ.ਐਸ.) ਡਿਪਟੀ ਕਮਿਸ਼ਨਰ , ਜਲੰਧਰ। ਉਹਨਾਂ ਦੇ ਨਾਲ ਰੈੱਡ ਕਰਾਸ ਜਲੰਧਰ ਦੇ ਸੈਕਟਰੀ ਡਾ. ਸੁਰਜੀਤ ਲਾਲ । (2) ਮਾਨਯੋਗ ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਜਲੰਧਰ ਵਲੰਟੀਅਰਜ਼ ਨਾਲ ਯਾਦਗਰੀ ਤਸਵੀਰ 'ਚ । (ਫੋਟੋ: ਪਰਮਜੀਤ ਜੱਸਲ)



ਰੈਡ ਕਰਾਸ, ਜਲੰਧਰ ਵਿਖੇ ਹੜ੍ਹ ਪੀੜਤਾਂ ਦੀ ਮਦੱਦ ਲਈ ਰਾਸ਼ਨ ਸਮੱਗਰੀ ਦੀ ਗੱਡੀ ਨੂੰ ਰਵਾਨਾ ਕਰਦੇ ਹੋਏ ਮਾਨਯੋਗ ਏਡੀਸੀ ਅਮਰਿੰਦਰ ਕੌਰ ਬਰਾੜ। ਉਹਨਾਂ ਦੇ ਨਾਲ ਬ੍ਰਹਮਾਕੁਮਾਰੀ ਸੰਸਥਾਨ ਦੀ ਸੰਚਾਲਿਕਾ ਭੈਣ ਸੰਧੀਰਾ, ਭੈਣ ਵਿਜੇ , ਡਾ. ਸੁਰਜੀਤ ਲਾਲ ਸਹੋਤਾ ਸੈਕਟਰੀ ਰੈੱਡ ਕਰਾਸ ਜਲੰਧਰ ਅਤੇ ਹੋਰ ਸ਼ਖਸ਼ੀਅਤਾਂ ਵੀ ਮੌਜੂਦ ਸਨ।







# ਹੜ੍ਹਾਂ ਦੀ ਕ੍ਰੋਪੀ ਤੇ ਪਲੈਨਿੰਗ ਦੀ ਘਾਟ



ਸਹੀ ਸਮੇਂ ਤੇ ਲਾਇਆ ਤੋਪਾ,ਪੂਰੇ ਸਵੈਟਰ ਨੂੰ, ਉਧੜਨ ਤੋਂ ਬਚਾ ਸਕਦਾ ਹੈ। ਆਮ ਆਦਮੀ ਪਾਰਟੀ ਨੇ ਦੂਰ ਅੰਦੇਸ਼ੀ ਤੋਂ ਕੰਮ ਨਹੀਂ ਲਿਆ ਜਦੋਂ ਕਿ ਮਈ ਮਹੀਨੇ ਵਿੱਚ ਹੀ ਮੌਸਮ ਦੇ ਮਾਹਿਰਾਂ ਨੇ ਇਸ ਵਾਰ ਭਾਰੀ ਬਾਰਿਸ਼ਾਂ ਦੀ ਪਸ਼ੀਨਗੋਈ ਕੀਤੀ ਸੀ, ਨਾਲਿਆਂ ਚੋਆਂ ਨਦੀਆਂ ਵਿੱਚੋਂ ਜੜੀਆਂ ਬੂਟੀਆਂ ਦੀ ਸਫਾਈ ਨਹੀਂ ਕੀਤੀ ਗਈ। ਰੇਤੇ ਦੀ ਨਜਾਇਜ਼ ਮਾਈਨਿੰਗ ਹੁੰਦੀ ਰਹੀ, ਕਿਸੇ ਨੇ ਧਿਆਨ ਨਹੀਂ ਦਿੱਤਾ। ਭਗਵੰਤ ਮਾਨ ਹੁਰੀਂ, ਕੇਜਰੀਵਾਲ ਦੇ ਚੋਣ ਪ੍ਰਚਾਰ ਵਿੱਚ ਲੱਗੇ ਰਹੇ। ਫਿਰ ਸਕੂਲਾਂ ਹਸਪਤਾਲਾਂ ਦੀਆਂ ਬਿਲਡਿੰਗਾਂ ਉਸਾਰਨ ਅਤੇ ਉਨਾਂ ਦੀ ਦਿੱਖ ਨੂੰ ਵਧੀਆ ਬਣਾਉਣ ਵਿੱਚ ਲੱਗੇ ਰਹੇ। ਪਿਛਲੇ ਦਿਨੀ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ, ਉਸਨੇ ਵੀ ਨਜਾਇਜ਼ ਮਾਈਨਿੰਗ ਦੀ ਪੁਸ਼ਟੀ ਕੀਤੀ।

ਜਿੰਨੀ ਅਣਕਿਆਸੀ ਬਿਪਤਾ ਪੰਜਾਬ ਤੇ ਪਈ ਹੈ ਇੰਨੀ ਕਦੇ ਵੀ ਨਹੀਂ ਪਈ। ਕੇਂਦਰ ਅਤੇ ਪੰਜਾਬ ਸਰਕਾਰ,ਦੋਵਾਂ ਨੇ ਰਲ ਕੇ ਪੰਜਾਬ ਦਾ ਘਾਣ ਕਰ ਦਿੱਤਾ ਹੈ। ਪਿੰਡਾਂ ਦੇ ਪਿੰਡ ਡੁੱਬ ਗਏ ਹਨ, ਅਚਾਨਕ ਆਏ ਹੜ੍ਹ ਨੇ ਬੰਦੇ,ਮਾਲ ਡੰਗਰ ਦਾ ਜਾਨੀ ਤੇ ਮਾਲੀ ਨੁਕਸਾਨ ਕੀਤਾ ਹੈ।

ਕੇਂਦਰ ਨੇ ਦੋ ਸਾਲ ਪਹਿਲਾਂ ਬੀਐਸਐਫ ਅਤੇ ਸੀਆਰਪੀ ਦੀ ਤੈਨਾਤੀ ਵੇਲੇ ਆਪਣੇ ਹਿੱਸੇ ਦਾ ਕੋਈ ਪੈਸਾ ਨਹੀਂ ਦਿੱਤਾ। ਉਸ ਤੋਂ ਬਾਅਦ ਜੀਐਸਟੀ ਵਿੱਚੋਂ ਵੀ ਬਣਦਾ ਹਿੱਸਾ ਨਹੀਂ ਦਿੱਤਾ।ਬੀਬੀਐਮਬੀ ਉੱਤੇ ਵੀ ਕੇਂਦਰੀ ਕੰਟਰੋਲ ਰਿਹਾ, ਕਹਿਣ ਤੋਂ ਭਾਵ ਹੈ ਕੇਂਦਰ ਨੇ ਪੰਜਾਬ ਨਾਲ ਹਮੇਸ਼ਾ ਮਤਰੇਆ ਵਿਵਹਾਰ ਕੀਤਾ ਹੈ। ਪੰਜਾਬ ਡੁੱਬ ਰਿਹਾ ਸੀ ਤਾਂ ਮੋਦੀ ਜੀ ਅਫਗਾਨਿਸਤਾਨ ਦੇ ਭੁਚਾਲ ਪੀੜਤਾਂ ਲਈ ਕਰੋੜਾਂ ਦੀ ਗਰਾਂਟ ਦੇ ਰਹੇ ਸਨ। ਪੰਜਾਬ ਦਾ ਨਾਂ ਤੱਕ ਨਹੀਂ ਲਿਆ। ਪੰਜਾਬ ਸਰਕਾਰ ਸਰਕਾਰ ਫੰਡਾਂ ਦੀ ਘਾਟ ਦਾ ਹੀ ਰੋਣਾ ਰੋਂਦੀ ਰਹੀ।

ਪੰਜਾਬੀ ਹਿੰਮਤੀ ਲੋਕ ਹਨ, ਪੰਜਾਬੀ ਹੀ ਪੰਜਾਬੀਆਂ ਦੇ ਕੰਮ ਆਉਂਦੇ ਹਨ। ਜਿਨ੍ਹਾਂ ਇੰਨੀ ਵੱਡੀ ਤ੍ਰਾਸਦੀ ਦੇ ਵਿੱਚ ਵੀ ਹਿੰਮਤ ਨਹੀਂ ਹਾਰੀ। ਪੰਜਾਬ ਦੇ ਨੌਜਵਾਨਾਂ ਨੇ ਹੜ੍ਹਾਂ ਚੋਂ ਲੋਕਾਂ ਨੂੰ ਸੁਰੱਖਿਤ ਕੱਢਣ ਲਈ ਦਿਨ ਰਾਤ ਇੱਕ ਕਰ ਰੱਖਿਆ ਹੈ। ਪੰਜਾਬ ਦੀ ਆਨ ਬਾਨ ਤੇ ਸ਼ਾਨ ਬਣ ਰਹੇ ਹਨ।ਆਪਣੇ ਕੰਮ ਆਪ ਹੀ ਸੰਵਾਰ ਰਹੇ ਹਨ। ਗਾਇਕ ਕਲਾਕਾਰਾਂ ਵੱਲੋਂ, ਸਮਾਜ ਸੇਵੀ ਸੰਸਥਾਵਾਂ ਵੱਲੋਂ, ਦੇਸ਼ ਦੇ ਦੂਸਰੇ ਸੂਬਿਆਂ ਵੱਲੋਂ, ਮਾਇਆ, ਲੰਗਰ, ਅਤੇ ਹੋਰ ਹਰ ਤਰ੍ਹਾਂ ਦੀਆਂ ਲੋੜੀਂਦੀਆਂ ਵਸਤਾਂ ਨਾਲ ਸੇਵਾ ਕੀਤੀ ਜਾ ਰਹੀ ਹੈ। ਰਵੀ ਸਿੰਘ ਵਰਗੇ ਸਮਾਜ ਸੇਵੀ ਵੀ ਇਸ ਕੰਮ ਵਿੱਚ ਜੁਟੇ ਹਨ। ਇਸ ਸਾਰੇ ਤਾਣੇ ਬਾਣੇ ਵਿੱਚ ਆਆਪ ਸਰਕਾਰ ਬੌਂਦਲੀ ਪਈ ਹੈ। ਯੋਗ ਅਗਵਾਈ ਦੀ ਲੋੜ ਹੈ। ਸੁਪਰੀਮ ਕੋਰਟ ਨੇ ਵੀ ਆਫਤ ਪ੍ਰਬੰਧਨ ਅਥਾਰਟੀ ਅਤੇ ਸੂਬਿਆਂ ਤੋਂ ਜਵਾਬ ਤਲਬੀ ਕੀਤੀ ਹੈ। ਕੁਦਰਤ ਨਾਲ ਕੀਤੀ ਖਿਲਵਾੜ ਦਾ ਨਤੀਜਾ ਮਨੁੱਖਤਾ ਭੁਗਤ ਰਹੀ ਹੈ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ।**
**ਫੋਨ ਨੰਬਰ: 9878469639**

## ਹੜ੍ਹ ਦੇ ਪਾਣੀ ਨੇ....

ਕੀ ਕੀ ਰੰਗ ਦਿਖਾਏ ਹੜ੍ਹ ਦੇ ਪਾਣੀ ਨੇ
ਜਿਉਂਦੇ ਮਾਰ ਮੁਕਾਏ ਹੜ੍ਹ ਦੇ ਪਾਣੀ ਨੇ
ਜਿਹੜੇ ਹੱਸਦੇ ਵਸਦੇ ਖੁਸ਼ੀਆਂ ਵਿੱਚ ਸਨ
ਉਹੀ ਲੋਕ ਰਵਾਏ ਹੜ੍ਹ ਦੇ ਪਾਣੀ ਨੇ
ਫਸਲਾਂ ਰੁੜੀਆਂ ਰੁੜ੍ਹ ਸਾਰਾ ਸਮਾਨ ਗਿਆ
ਪਸ਼ੂ ਕੀਲਿਆ ਉੱਤੇ ਮਾਰ ਮੁਕਾਏ ਹੜ੍ਹ ਦੇ ਪਾਣੀ ਨੇ
ਬਿਪਤਾ ਜੇਕਰ ਰੱਬ ਨੇ ਵੱਡੀ ਪਾ ਦਿੱਤੀ
ਮੱਦਦ ਲਈ ਵੀ ਲੋਕ ਬੁਲਾਏ ਹੜ੍ਹ ਦੇ ਪਾਣੀ ਨੇ
ਪਹਿਲਾਂ ਵੀ ਕੋਈ ਇੱਥੇ ਅੰਤ ਨਹੀਂ ਸੀ
ਨਵੇਂ ਨਵੇਂ ਪੱਤਰਕਾਰ ਬਣਾਏ ਹੜ੍ਹ ਦੇ ਪਾਣੀ ਨੇ
ਨਿੱਕੇ ਨਿੱਕੇ ਬਾਲ ਵਿਲਕਦੇ ਮਾਵਾਂ ਦੇ ਬਾਝੋਂ
ਬੇਗਾਨੀ ਗੋਦ ਬਿਠਾਏ ਹੜ੍ਹ ਦੇ ਪਾਣੀ ਨੇ
ਲੀਡਰ ਵੀ ਹੁਣ ਸਰਗਰਮ ਹੋ ਗਏ
ਪਾਣੀ ਵਿੱਚ ਖੜਾਏ ਹੜ੍ਹ ਦੇ ਪਾਣੀ ਨੇ
ਮਗਰਮੱਛ ਵੀ ਦੇਖੇ ਵਿੱਚ ਪਾਣੀ ਦੇ
ਨਾਗ ਪ੍ਰਗਟ ਕਰਾਏ ਹੜ੍ਹ ਦੇ ਪਾਣੀ ਨੇ
ਰਿਸ਼ਕ ਜਾਨ ਲਈ ਵੱਡਾ ਲੈਣਾ ਪੈ ਜਾਂਦਾ
ਟੁੱਟੀਆਂ ਕਿਸ਼ਤੀਆਂ ਉੱਤੇ ਤਰਾਏ ਹੜ੍ਹ ਦੇ ਪਾਣੀ ਨੇ
ਬੱਬੀ ਵਰਗੇ ਰੱਬ ਦਾ ਭਾਣਾ ਮੰਨ ਕੇ ਬੈਠ ਗਏ
ਉਂਝ ਬਹੁਤ ਸਵਾਲ ਉਠਾਏ ਹੜ੍ਹ ਦੇ ਪਾਣੀ ਨੇ



**ਬਲਬੀਰ ਸਿੰਘ ਬੱਬੀ**
**7009107300**



## ਹਾਲ ਪੰਜਾਬ ਦਾ ਵੇਖ ਕੇ

ਮੇਰੇ ਦਿਲ ਘਬਰਾਈ ਜਾਂਦਾ ਏ,
ਪੰਜ ਬਾਣੀਆਂ ਪੰਜ ਪਾਣੀਆਂ ਨੂੰ ਮੈਂ,
ਕਰਦੀ ਨਿੱਤ ਅਰਦਾਸਾਂ ਵਾਹਿਗੁਰੂ ਅੱਗੇ,
ਜੋਤ ਜਗਾਈ ਜਾਂਦੀ ਹਾਂ, ਭੁੱਲਾਂ ਬਖਸ਼ੀਂ ਮੇਰੇ ਮਾਲਕਾ,
ਪੰਜਾਬ ਦੀਆਂ ਇਹਨਾਂ ਠੰਡੀਆਂ ਛਾਂਵਾਂ ਨੂੰ।

ਰੁਲਗੇ ਬੱਚੇ ਤੇਰੇ ਮੱਝੀਆਂ ਗਾਈਆਂ ਵੇ,
ਕਿੱਥੋਂ ਸਾਂਭਾਂਗੇ ਵਿਰਸਾ ਪੰਜਾਬ ਦਾ,
ਜਿਸ ਦੇ ਲਈ ਅੱਜ ਸਾਡੀਆਂ ਨਿਕ਼ਲ ਗਈਆਂ ਧਾਹਾਂ ਵੇ।

ਕਹਿਰ ਦੇਖ ਕੇ ਦੁਨੀਆ ਉੱਤੇ,
ਦਿਲ ਘਬਰਾਈ ਜਾਂਦਾ ਏ ,
ਅੰਨ ਦਾ ਦਾਤਾ ਅਖਵਾਉਣ ਵਾਲਾ,
ਅੱਜ ਅੰਨ ਨੂੰ ਤਰਲੇ ਪਾਈ ਜਾਂਦਾ ਏ,
ਧੰਨ ਏ ਮੇਰਾ ਪੰਜਾਬ, ਜਿੱਥੇ ਪੰਜਾਬ ਹੀ ਮੇਰੇ ਪੰਜਾਬ ਦੇ ਕੰਮ ਆਈ ਜਾਂਦਾ ਏ,
ਪਹੁੰਚ ਗਏ ਨੇ ਸੇਵਾਦਾਰ ਸੂਰਮੇ,
ਭੁੱਖੇ ਢਿੱਡ ਭਰਨ ਲਈ,
ਦੇਖ ਨਾ ਸਕੇ ਉਹ ਤਰਲੇ ਪੈਂਦੇ ਨਿੱਕੀਆਂ - ਜਿੰਦਾਂ ਤੇ ਮਾਵਾਂ ਦੇ,
ਭੁੱਲਾਂ ਬਖਸ਼ੀਂ ਮੇਰੇ ਮਾਲਕਾ,
ਪੰਜਾਬ ਦੀਆਂ ਇਹਨਾਂ ਠੰਡੀਆਂ ਛਾਂਵਾਂ ਤੇ।

ਲੱਖਾਂ ਜੰਗਾਂ, ਯੁੱਧਾਂ ਤੋਂ ਇਹ ਕਦੇ ਵੀ ਹਾਰਿਆ ਨਾ,
ਪੰਜਾਬ ਮੇਰਾ ਐਸਾ ਸੂਬਾ ਜਿਸਨੇ ਗੁਰੂਆਂ - ਪੀਰਾਂ ਨੂੰ ਕਦੇ ਵਿਸਾਰਿਆ ਨਾ,
ਗੁਰੂਆਂ ਦੇ ਹੀ ਓਟ ਆਸਰੇ ਇਸਨੇ ਲੱਖਾਂ ਆਫ਼ਤਾਂ ਝੱਲ ਲਈਆਂ,
ਸੋਨੇ ਦੀ ਚਿੜੀ ਅਖਵਾਉਣ ਵਾਲਾ,
ਅੱਜ ਕਿਵੇਂ ਤਰਲੇ ਪਾਈ ਜਾਂਦਾ ਏ,
ਮੈਂ ਵਾਰੇ ਜਾਵਾਂ ਮੇਰੇ ਪੰਜਾਬ ਤੋਂ,
ਕਿਵੇਂ ਇੰਨੀਆਂ ਮੁਸੀਬਤਾਂ ਝੱਲ ਕੇ ਆਪਣੇ - ਆਪ ਨੂੰ ਬਚਾਈ ਜਾਂਦਾ ਏ।

ਪੰਜ ਦਰਿਆਵਾਂ ਦੀ ਇਹ ਧਰਤੀ,
ਜਿੱਥੇ ਕੁਦਰਤ ਨੇ ਕਹਿਰ ਮਚਾਇਆ ਏ,
ਪਰ ਓਟ ਆਸਰਾ ਪੰਜ ਬਾਣੀਆਂ ਦਾ,
ਜਿਸਨੇ ਸੇਵਾਦਾਰਾਂ ਵਿਚ ਰੱਬ ਵਸਾਇਆ ਏ,
ਰਹਿਮਤਾਂ ਬਖਸ਼ੀਂ ਮੇਰੇ ਮਾਲਕਾ, ਇਹਨਾਂ ਸੇਵਾਦਾਰਾਂ ਨੂੰ,
ਤੱਤੀ ਵਾਹ ਨਾ ਲੱਗੇ ਕਦੇ ਵੀ ਵਾਹਿਗੁਰੂ ਤੇਰੇ ਸਿੰਘ ਸਰਦਾਰਾਂ ਨੂੰ,
ਕੱਢੀਂ ਇਸ ਕਹਿਰ ਦੇ ਵਿੱਚੋਂ ਰੁਲ ਗਈਆਂ ਮੱਝੀਆਂ ਗਾਵਾਂ ਨੂੰ,
ਭੁੱਲਾਂ ਬਖਸ਼ੀ ਮੇਰੇ ਮਾਲਕਾ, ਪੰਜਾਬ ਦੀਆਂ ਇਹ ਠੰਡੀਆਂ ਛਾਵਾਂ ਨੂੰ।

ਸਾਰੇ ਧਰਮਾਂ ਦਾ ਇਹ ਸਾਂਝਾ ਭਾਈਚਾਰਾ,
ਤੁਰਿਆ ਜਾਂਦਾ ਕੁਦਰਤ ਦੇ ਕਹਿਰ ਦੀਆਂ ਅੱਜ ਰਾਹਾਂ ਤੇ ,
ਭੁੱਲਾਂ ਬਖਸ਼ੀਂ ਮੇਰੇ ਮਾਲਕਾ,
ਪੰਜਾਬ ਦੀਆਂ ਇਹਨਾਂ ਠੰਡੀਆਂ ਛਾਂਵਾਂ ਤੇ।

**ਲਕਸ਼ਿਤਾ ਸ਼ਰਮਾ**
**ਭਵਾਨੀਗੜ੍ਹ,**
**ਜ਼ਿਲਾ:-ਸੰਗਰੂਰ**



# ਅਧਿਆਪਕ ਦਿਵਸ ਦੀਆਂ ਮੁਬਾਰਕਾਂ




ਅੱਜ ਅਧਿਆਪਕ ਦਿਵਸ ਦੀਆਂ ਸਾਰੇ ਅਧਿਆਪਕਾਂ ਨੂੰ ਮੁਬਾਰਕਾਂ ਦਿੰਦਾ ਹਾਂ ਲ ਅਸੀਂ ਅਕਸਰ ਉਨ੍ਹਾਂ ਅਧਿਆਪਕਾਂ ਨੂੰ ਅਧਿਆਪਕ ਕਹਿੰਦੇ ਹਾਂ ਜੋ ਸਕੂਲਾਂ ਜਾਂ ਕਾਲਜਾਂ ਵਿੱਚ ਪੜ੍ਹਾਉਂਦੇ ਹਨ ਅਤੇ ਉਨ੍ਹਾਂ ਕੋਲ ਚੰਗੀ ਪੜ੍ਹਾਈ ਅਤੇ ਡਿਗਰੀਆਂ ਹੁੰਦੀਆਂ ਹਨ । ਕਦੇ ਮੇਰਾ ਵੀ ਸੁਪਨਾ ਸੀ ਕਿ ਮੈਂ ਵੀ ਅਧਿਆਪਕ ਬਣਾ ਲ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੇ ਨੇ ਬਹੁਤ ਵਾਰ ਸੋਚਿਆ ਕਿ ਅਧਿਆਪਕ ਬਣਾਂਗਾ ਲ ਸਕੂਲ ਵਿੱਚ ਬਹੁਤ ਵਾਰ ਨੰਬਰ 100 ਵਿੱਚੋਂ 97 ਜਾਂ 98 ਨੰਬਰ ਲੈ ਜਾਂਦਾ ਸੀ ਅਤੇ ਅਕਸਰ ਪਹਿਲੇ ਜਾਂ ਦੂਜੇ ਦਰਜ਼ੇ ਵਿੱਚ ਪਾਸ ਹੋ ਜਾਂਦਾ ਸੀ । ਸ਼ਾਇਦ ਜ਼ਿੰਦਗੀ ਵਿੱਚ ਨੰਬਰ ਲੈਣਾ ਹੀ ਕਾਫੀ ਨਹੀਂ ਹੁੰਦਾ ਲ ਜਮਾਤ ਵਿੱਚ ਪਹਿਲੇ ਜਾਂ ਦੂਜੇ ਨੰਬਰ ਤੇ ਆਉਣ ਅਤੇ ਜਮਾਤ ਵਿੱਚ ਪਹਿਲੀ ਲਾਈਨ ਵਿੱਚ ਬੈਠਣ ਦੇ ਬਾਵਜੂਦ ਮਾੜੀ ਆਰਥਿਕਤਾ ਨੇ ਮੈਨੂੰ ਜਿਆਦਾ ਪੜ੍ਹਨ ਨਾ ਦਿੱਤਾ ਅਤੇ ਦਸਵੀਂ ਪਾਸ ਕਰਕੇ ਹੀ ਸਕੂਲ ਛੱਡਣਾ ਪਿਆ । ਹਾਲਾਤ ਇਹ ਬਣੇ ਕਿ ਮੈਂ ਅਧਿਆਪਕ ਤਾਂ ਕੀ ਬਣਨਾ ਸੀ ਮੈਨੂੰ ਕਲਰਕ ਜਾਂ ਚਪੜਾਸੀ ਦੀ ਨੌਕਰੀ ਵੀ ਨਾ ਮਿਲੀ । ਇਸ ਦੇ ਬਾਵਜੂਦ ਮੇਰੀ ਪੜ੍ਹਨ ਦੀ ਇੱਛਾ ਨੇ ਮੈਨੂੰ ਘਰ ਵਿੱਚ ਹੀ ਪੜ੍ਹਨ ਲਈ ਮਜ਼ਬੂਰ ਕੀਤਾ ਪਰ ਹੁਣ ਉਹ ਪੜ੍ਹਾਈ ਮੈਂ ਅਧਿਆਪਕ ਬਣਨ ਲਈ ਨਹੀਂ ਕਰਦਾ ਸੀ, ਕੁੱਝ ਨਵਾਂ ਸਿੱਖਣ ਲਈ ਅਤੇ ਕੁੱਝ ਵੱਖਰਾ ਪ੍ਰਾਪਤ ਕਰਨ ਲਈ ਕਰਦਾ ਸੀ । ਅਨੇਕਾਂ ਕਿਤਾਬਾਂ ਪੜ੍ਹਨ ਤੋਂ ਬਾਅਦ ਅੰਗਰੇਜ਼ੀ ਵਿੱਚ ਛਪਿਆ ਸਾਹਿਤ ਪੜ੍ਹਨਾ ਚਾਹੁੰਦਾ ਸੀ ਜਿਸ ਕਾਰਣ ਮੈਂ ਘਰ ਵਿੱਚ ਹੀ ਅੰਗਰੇਜ਼ੀ ਸਿੱਖੀ ਪਰ ਨੌਕਰੀ ਵਾਸਤੇ ਕਿਸੇ ਵੀ ਬਾਬੂ ਨੇ ਹਾਂ ਨਹੀਂ ਭਰੀ । ਅਧਿਆਪਕ ਦਾ ਕੰਮ ਦੂਜਿਆਂ ਨੂੰ ਪੜ੍ਹਾਉਣਾ ਜਾਂ ਸਿਖਾਉਣਾ ਹੁੰਦਾ ਹੈ । ਮੈਂ ਸੋਚਿਆ ਕਿ ਅਧਿਆਪਕ ਤਾਂ ਨਹੀਂ ਬਣ ਸਕਿਆ ਪਰ ਦੂਜਿਆਂ ਨੂੰ ਕੁੱਝ ਸਿਖਾਉਣਯੋਗ ਤਾਂ ਬਣ ਹੀ ਸਕਦਾ ਹਾਂ ਲ ਇਸ ਤਰਾਂ ਜੋ ਮੈਨੂੰ ਆਉਂਦਾ ਸੀ ਉਹ ਦੂਜਿਆਂ ਨੂੰ ਸਿਖਾਉਣਾ ਸ਼ੁਰੂ ਕਰ ਦਿੱਤਾ ਲ ਦੂਜਿਆਂ ਨੂੰ ਸਿਖਾਉਣਾ ਜਾਂ ਕਾਮਯਾਬ ਕਰਨਾ ਮੇਰੀ ਆਦਤ ਬਣ ਗਈ । ਇਸ ਬਦਲੀ ਹੋਈ ਆਦਤ ਕਾਰਣ ਮੈਂ ਬਹੁਤ ਸਾਰੇ ਕਾਮਿਆਂ ਨੂੰ ਪ੍ਰਿੰਟਿੰਗ ਲਾਈਨ ਵਿੱਚ ਜ਼ਿਲਦ ਸਾਜ਼ (ਭੋਕ ਭਿਨਦਿਨਗ), ਕੰਪੋਜ਼ਿੰਗ, ਮਸ਼ੀਨ ਅਪ੍ਰੇਟਰ ਅਤੇ ਨੰਬਰਿੰਗ ਦੇ ਕੰਮ ਪੰਜਾਬ ਵਿੱਚ ਸਿਖਾਏ । ਨਿਊਜ਼ੀਲੈਂਡ ਵਿੱਚ ਪਹੁੰਚ ਕੇ ਬਿਨਾਂ ਕਿਸੇ ਡਿਗਰੀ ਤੋਂ ਹਜ਼ਾਰਾਂ ਕਾਮਿਆਂ ਨੂੰ ਵੱਖ ਵੱਖ ਫਲਾਂ, ਸਬਜ਼ੀਆਂ ਅਤੇ ਮਸ਼ੀਨਰੀ ਚਲਾਉਣ ਦੇ ਕੰਮ ਸਿਖਾਏ ਲ ਕੀਵੀ ਫਰੂਟ ਖੇਤਰ ਵਿੱਚ ਹਜ਼ਾਰਾਂ ਕਾਮਿਆਂ ਨੂੰ ਸਿਖਲਾਈ ਦਿੱਤੀ ਅਤੇ ਉਨ੍ਹਾਂ ਕਾਮਿਆਂ ਵਿੱਚ ਕਈ ਸੁਪਰਵਾਈਜ਼ਰ, ਮੈਨੇਜਰ ਅਤੇ ਕੰਪਨੀਆਂ ਦੇ ਮਾਲਕ ਬਣੇ ਲ ਉਹ ਸਿਖਲਾਈ ਪ੍ਰਾਪਤ ਕਾਮੇ ਇਕੱਲੇ ਨਿਊਜ਼ੀਲੈਂਡ ਵਿੱਚ ਹੀ ਨਹੀਂ ਬਲਕਿ ਹੋਰ ਦੇਸ਼ਾਂ ਵਿੱਚ ਵੀ ਕਾਮਯਾਬ ਬਿਜ਼ਨਸਮੈਨ ਬਣੇ । ਨਿਊਜ਼ੀਲੈਂਡ ਦੀ ਰੇਸੀਡੈਂਸ਼ਲ ਰੀਅਲ ਐਸਟੇਟ ਵਿੱਚ ਆਪਣੇ ਤਜ਼ਰਬੇ ਦੇ ਅਧਾਰ ਤੇ ਹਜ਼ਾਰਾਂ ਕਾਮਯਾਬ ਇਨਵੈਸਟਰ ਬਣਾਏ ਲ ਇਹ ਕਿਹਾ ਜਾ ਸਕਦਾ ਹੈ ਕਿ ਮੈਂ ਇੱਕ ਅਧਿਆਪਕ ਨਹੀਂ ਬਣ ਸਕਿਆ ਪਰ ਬਿਨਾਂ ਡਿਗਰੀ ਵਾਲਾ ਅਧਿਆਪਕ ਜ਼ਰੂਰ ਬਣਿਆ ਲ ਫ਼ਰਕ ਸਿਰਫ ਇਹ ਸੀ ਕਿ ਜੇ ਡਿਗਰੀ ਹੁੰਦੀ ਤਾਂ ਕੁਰਸੀ ਤੇ ਬੈਠ ਕੇ ਪੜ੍ਹਾਉਂਦਾ ਪਰ ਮੈਂ ਤਾਂ ਕਈ ਵਾਰੀ ਖੇਤਾਂ ਵਿੱਚ ਘਾਹ ਤੇ ਬੈਠ ਕੇ ਵੀ ਪੜ੍ਹਾ ਦਿੰਦਾ ਸੀ । ਮੈਨੂੰ ਕਈ ਸਿਖਲਾਈ ਪ੍ਰਾਪਤ ਕਾਮੇ ਆਖ ਦਿੰਦੇ ਹਨ ਕਿ ਤੁਸੀਂ ਡਾਉਨ ਟੂ ਅਰਥ (ਜ਼ਮੀਨ ਨਾਲ ਜੁੜੇ ਰਹਿਣ ਵਾਲੇ) ਹੋ ਲ ਮੈਂ ਅਕਸਰ ਆਖ ਦਿੰਦਾ ਹਾਂ ਕਿ ਅਸਲ ਵਿੱਚ ਮੈਂ ਸਿਖਲਾਈ ਹੀ ਜ਼ਮੀਨ ਨਾਲ ਜੁੜ ਕੇ ਦਿੰਦਾ ਸੀ ਸ਼ਾਇਦ ਇਸੇ ਕਰਕੇ ਮੇਰੀ ਗੱਲ ਵੀ ਕਾਮਿਆਂ ਨੂੰ ਛੇਤੀ ਸਮਝ ਲਗਦੀ ਸੀ ਤੇ ਸ਼ਾਇਦ ਇਸੇ ਕਰਕੇ ਹੀ ਡਾਊਨ ਟੂ ਅਰਥ ਰਿਹਾ । ਸ਼ਾਇਦ ਇਸੇ ਆਦਤ ਕਾਰਣ ਹੀ ਆਪਣੀਆਂ ਪੰਜ ਕਿਤਾਬਾਂ ਪਾਠਕਾਂ ਤੱਕ ਪਹੁੰਚਾਉਣ ਵਿੱਚ ਕਾਮਯਾਬ ਹੋਇਆ ਹਾਂ ਕਿਉਂਕਿ ਮੈਂ ਸਕੂਲ ਵਿੱਚ ਪੜ੍ਹਾਉਣਯੋਗ ਨਹੀਂ ਬਣ ਸਕਿਆ ਸੀ ਲ ਪੰਜਾਬੀਆਂ ਦੇ ਨਾਲ ਨਾਲ ਗੋਰਿਆਂ ਨੇ ਮੇਰੀ ਕਿਤਾਬ 'ਹੋਮਲੈੱਸ ਟੂ ਮਲਟੀ ਮਿਲੀਅਨੇਅਰ' ਨੂੰ ਏਨਾ ਪਿਆਰ ਦਿੱਤਾ ਕਿ ਕਿਤਾਬ ਪਹਿਲੇ ਦੋ ਮਹੀਨਿਆਂ ਵਿੱਚ ਦੋ ਵਾਰ ਸੋਲਡ ਆਊਟ ਹੋ ਗਈ ਸੀ । ਅੱਜ ਅਧਿਆਪਕ ਦਿਵਸ ਤੇ ਮੈਂ ਸਾਰੇ ਹੀ ਅਧਿਆਪਕਾਂ ਨੂੰ ਮੁਬਾਰਕਾਂ ਦਿੰਦਾ ਹਾਂ ਜਿਨ੍ਹਾਂ ਨੂੰ ਪੜ੍ਹਾਈ ਦੁਆਰਾ ਜਾਂ ਕਿਸੇ ਵੀ ਸਿਖਲਾਈ ਦੁਆਰਾ ਦੂਜਿਆਂ ਦੀ ਜ਼ਿੰਦਗੀ ਬੇਹਤਰ ਬਣਾਉਣ ਦੇ ਮੌਕੇ ਮਿਲੇ ਲ ਤੁਹਾਡੇ ਪੜ੍ਹਾਏ ਬੱਚੇ ਤੁਹਾਨੂੰ ਹਮੇਸ਼ਾਂ ਯਾਦ ਹੀ ਨਹੀਂ ਰੱਖਣਗੇ ਬਲਕਿ ਤੁਹਾਡੇ ਤੇ ਮਾਣ ਕਰਨਗੇ ਲ

**–ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ (ਜਲੰਧਰ)**
**006421392147**

# ਕਵਿਤਾ – ਸੀਰਤ ਕੌਰ

ਸਾਡੇ ਘਰ ਵਿੱਚ ਬਰਕਤ ਅਤੇ ਬਹਾਰਾਂ ਨੇ ,
ਜਿੱਧਣ ਦੀ ਤੂੰ ਘਰ ਵਿੱਚ ਆਈ , ਸੀਰਤ ਕੌਰ -
ਜਨਮਦਿਨ ਦੀ ਢੇਰ ਵਧਾਈ , ਸੀਰਤ ਕੌਰ ...

ਕੋਈ ਨਜ਼ਾਰਾ ਅੱਖੀਆਂ ਨੂੰ ਫਿਰ ਭਾਉਂਦਾ ਨਾ ,
ਜਦ ਕਿੱਧਰੇ ਨਾ ਦਵੇ ਦਿਖਾਈ , ਸੀਰਤ ਕੌਰ -
ਜਨਮਦਿਨ ਦੀ ਢੇਰ ਵਧਾਈ , ਸੀਰਤ ਕੌਰ ...

ਬਾਪੂ ਵਰਗੀ ਸੀਰਤ, ਸੂਰਤ ਮਾਂ ਵਰਗੀ ,
ਦੋਵਾਂ ਦੀ ਹੀ ਤੂੰ ਪਰਛਾਈ , ਸੀਰਤ ਕੌਰ -
ਜਨਮਦਿਨ ਦੀ ਢੇਰ ਵਧਾਈ , ਸੀਰਤ ਕੌਰ ...

ਤੰਦਰੁਸਤੀਆਂ ਮਾਣੇ ਹੱਸਦੀ ਰਹੇਂ ਸਦਾ ,
ਸਾਡੀ ਇਹੋ ਦੁਆ ਦੁਹਾਈ , ਸੀਰਤ ਕੌਰ -
ਜਨਮਦਿਨ ਦੀ ਢੇਰ ਵਧਾਈ , ਸੀਰਤ ਕੌਰ ...

ਜਿੰਮੀ ਅਹਿਮਦਗੜ੍ਹ ਦਾ ਧੀਏ ਪੁੱਤ ਵੀ ਤੂੰ ,
ਸ਼ਾਇਰ ਲਈ ਤਾਂ ਦੂਣ ਸਵਾਈ, ਸੀਰਤ ਕੌਰ -
ਜਨਮਦਿਨ ਦੀ ਢੇਰ ਵਧਾਈ , ਸੀਰਤ ਕੌਰ ...

**8195907681**
**ਜਿੰਮੀ ਅਹਿਮਦਗੜ੍ਹ .**

ਸਮਾਜ ਵੀਕਲੀ ਨਿਊਜ਼



# ਅਸੀਂ ਉਹ ਆਖ਼ਰੀ ਪੀੜ੍ਹੀ ਹਾਂ ਜੋ...

ਜੰਮੀ ਹੈ 70-80-90 ਦੇ ਦਹਾਕੇ ਵਿੱਚ ਤੇ ਜਿਸਨੇ ਏਨਾ ਬਦਲਾਅ ਦੇਖਿਆ ਹੈ ਕਿ ਜੋ ਕਿਸੇ ਹੋਰ ਪੀੜ੍ਹੀ ਨਹੀਂ ਵੇਖਿਆ ਹੋਵੇਗਾ। ਅਸੀਂ ਕਿਸਮਤ ਵਾਲ਼ੇ ਹਾਂ ਜੋ ਸਮੇਂ ਦੇ ਇਸ ਸੁਨਿਹਰੀ ਦੌਰ 'ਚ ਇਸ ਦੂਨੀਆਂ ਤੇ ਆਏ। ਉਸ ਸਮੇਂ ਜਦ ਘਰ ਕੱਚੇ ਸਨ ਪਰ ਰਿਸ਼ਤੇ ਪੱਕੇ ਸਨ। ਇਸ ਅਹਿਸਾਸ ਨੂੰ ਨਵੀਂ ਪੀੜ੍ਹੀ ਨਹੀਂ ਸਮਝ ਸਕਦੀ। ਉਸ ਟਾਈਮ ਦੇ ਲੋਕ ਬਹੁਤ ਮਿਹਨਤੀ ਸਨ। ਸਵੇਰੇ ਤੜਕੇ ਉੱਠ ਕੇ ਹੱਡ ਭੰਨਵੀ ਮਿਹਨਤ ਕਰਦੇ ਸਨ। ਰਾਤ ਨੂੰ ਟਾਇਮ ਨਾਲ ਸੌਂ ਜਾਂਦੇ ਸਨ। ਕੋਈ ਬਿਮਾਰੀ ਨਹੀਂ ਸੀ ਹੁੰਦੀ। ਲੋਕ ਫੈਸ਼ਨਾਂ ਤੋਂ ਕੋਹਾਂ ਦੂਰ ਸਨ। ਕਿਸੇ ਤਿਉਹਾਰ ਜਾਂ ਵਿਆਹ ਸ਼ਾਦੀ ਮੌਕੇ ਹੀ ਨਵੇਂ ਕੱਪੜੇ ਸਵਾਉਂਦੇ ਸਨ।

ਪਹਿਲਾਂ STD, PCO ਫ਼ੇਰ ਮਟਰੋਲਾ ਛੋਟਾ, ਫੇਰ ਵੱਡਾ ਮਟਰੋਲਾ, ਫੇਰ 3310, 3315,1100,2300,5310,6600,

7210 ਤੋਂ ਫ਼ੇਰ ਤਾਂ ਪਤਾ ਨਹੀਂ ਕਿੰਨੇ ਮਾਡਲ ਆਏ ਤੇ ਕਿੰਨੇ ਆਉਣਗੇ। ਬਲੈਕ ਐਂਡ ਵਾਈਟ ਟੈਲੀਵੀਜ਼ਨ ਤੋਂ ਕਲਰ ਟੀ ਵੀ, ਵੀ ਸੀ ਆਰ, ਸੀ ਡੀ ਪਲੇਅਰ,ਹੋਮ ਥੀਏਟਰਾਂ ਤੱਕ, ਐਨਟੀਨੇ ਤੋਂ ਕੇਬਲ ਤਾਰ, ਵੱਡੇ ਵੱਡੇ ਟੋਕਰੇ ਜਿਹੇ ਐਨਟੀਨੇ, ਸੈੱਟ ਟਾਪ ਬਾਕਸ ਤੋਂ ਵਾਈ ਫਾਈ, ਓ ਟੀ ਟੀ। ਆਡੀਓ ਕੈਸਟਾਂ ਤੋਂ ਸੀ ਡੀਆਂ, ਚਿੱਪਾਂ, ਪੈੱਨ ਡਰਾਈਵਾਂ ਤੱਕ।ਇਸ ਸਭ ਨੂੰ ਆਪਣੇ ਅੱਖੀਂ ਵੇਖਿਆ।

ਸਾਇਕਲ ਸਿੱਖਣਾ ਵੀ ਇਕ ਯੁੱਧ ਲੜਨ ਦੇ ਸਮਾਨ ਸੀ। ਅੱਜਕਲ੍ਹ ਦੇ ਜਵਾਕ ਤਾਂ ਢਿੱਡ ਚੋਂ ਹੀ ਸਿੱਖ ਕੇ ਆਉਂਦੇ ਆ। ਉਸ ਸਮੇਂ ਤਾਂ ਪਹਿਲਾਂ ਕੈਂਚੀ, ਫੇਰ ਡੰਡਾ, ਫ਼ੇਰ ਗੱਦੀ ਤਿੰਨ ਸਟੈਪਾਂ ਚ ਕਈ ਮਹੀਨਿਆਂ ਚ ਸਾਇਕਲ ਸਿੱਖਦੇ ਸੀ।

ਬੰਟੇ,ਕਲੀ ਜੋਟਾ, ਨੱਕਾ ਪੂਰ,ਮਾਚਿਸ ਦੀਆਂ ਡੱਬੀਆਂ, ਗੁੱਲੀ ਡੰਡਾ, ਪਿੱਠੂ, ਟਰਾਲੀਆਂ ਦੇ ਖੂੰਜੇ ਰੋਕਣੇ, ਭੱਠੀ ਤੋਂ ਦਾਣੇ ਭਨਾਉਣੇ, ਚਿੱਠੀਆਂ ਲਿਖਣੀਆਂ ਤੇ ਡਾਕਖ਼ਾਨੇ ਚ ਪਾ ਕੇ ਆਉਣੀਆਂ। ਦਾਦੀ, ਨਾਨੀ ਦੀਆਂ ਬਾਤਾਂ ਸੁਣਨੀਆਂ,ਪੈਸੇ ਪਾ ਕੇ ਵੀ ਸੀ ਆਰ ਲਿਆਉਣਾ, ਜਿਨ੍ਹਾਂ ਦੇ ਘਰ ਵੀ ਸੀ ਆਰ ਆਉਣਾ ਉਹਨਾਂ ਨੇ ਅੱਗੇ ਦਰੀ ਵਿਛਾ ਦੇਣੀ ਤੇ ਫਿਰ ਸਾਰੀ ਰਾਤ ਕਿੰਨੀਆਂ ਫਿਲਮਾਂ ਚੱਲਣੀਆਂ ਬਦਲਾ ਜੱਟੀ ਦਾ, ਸਰਪੰਚ, ਅਣਖ ਜੱਟ ਦੀ, ਜੱਟ ਦੀ ਜ਼ਮੀਨ, ਬਟਵਾਰਾ ਤੇ ਹੋਰ ਕਿੰਨੀਆਂ ਸਾਰੀਆਂ ਫਿਲਮਾਂ, ਆਮਿਰ ਖ਼ਾਨ, ਸਲਮਾਨ ਖਾਨ, ਸ਼ਾਹਰੁਖ਼ ਖ਼ਾਨ ਦੀ ਫਿਲਮਾਂ ਚ ਐਂਟਰੀ ਹੋਣਾ। ਡੈੱਕ ਤੇ ਗਾਣੇ ਲਾਉਣੇ, ਪਾਕਿਸਤਾਨੀ ਅਕਰਮ ਰਾਹੀ, ਸਰਦੂਲ ਸਿਕੰਦਰ, ਨਛੱਤਰ ਛੱਤਾ, ਦੁਰਗਾ ਰੰਗੀਲਾ, ਲਾਭ ਹੀਰਾ, ਸਾਬਰਕੋਟੀ...ਹੋਰ ਕਿੰਨੇ ਸਾਰੇ ਗਾਇਕ। ਉਸ ਸਮੇਂ ਭਾਵੇਂ ਕੈਮਰਾ ਨਹੀਂ ਸੀ ਪਰ ਇਹ ਸਾਰੇ ਪਲ਼ ਦਿਲ ਦੀ ਮੈਮਰੀ ਚ ਸੇਵ ਹਨ।

ਟੀ ਵੀ ਤੇ ਚੱਲਦੇ ਸ਼ਕਤੀਮਾਨ, ਰਮਾਇਣ, ਮਹਾਂਭਾਰਤ, ਅਲਫ਼ ਲੈਲਾ, ਬਿਕਰਮ ਬੇਤਾਲ, ਮੋਗਲੀ, ਰੇਡੀਓ ਤੇ ਸਵੇਰੇ 8 ਵਜੇ ਤੇ ਸ਼ਾਮੀ ਸਾਢੇ ਤਿੰਨ ਵਜੇ ਚੱਲਦੇ ਹਿੰਦੀ ਫ਼ਿਲਮੀ ਗਾਣੇ, ਵਿਵਿਧ ਭਾਰਤੀ ਤੇ ਚੱਲਦਾ ਹੈਲੋ ਫ਼ਰਮਾਇਸ਼। ਗਾਣੇ ਸੁਣਦੇ ਸੁਣਦੇ ਰੇਡੀਓ ਨੂੰ ਰਜ਼ਾਈ ਚ ਲੈ ਕੇ ਹੀ ਸੌਂ ਜਾਂਦੇ ਸੀ। ਕ੍ਰਿਕਟ ਸਮਰਾਟ, ਕਪਿਲ ਦੇਵ, ਮਹੁੰਮਦ ਅਜ਼ਹਰੂਦੀਨ,ਰਾਹੁਲ ਦ੍ਰਾਵਿੜ, ਸਚਿਨ ਤੇਂਦੁਲਕਰ, ਸੌਰਵ ਗਾਂਗੁਲੀ,ਚਾਚਾ ਚੌਧਰੀ, ਹੋਰ ਕਿੰਨੀਆਂ ਕੌਮਿਕਸਾਂ, ਵੀਡਿਓ ਗੇਮਾਂ ਹੋਰ ਕਿੰਨੇ ਕਿਸਮਾਂ ਦੇ ਮਨੋਰੰਜਨ ਦੇ ਸਾਧਨ ਸਨ। ਕਦੇ ਬੋਰ ਨਹੀਂ ਹੁੰਦੇ ਸਾਂ। ਕੋਈ ਵੈਰ ਵਿਰੋਧ ਨਹੀਂ ਸੀ। ਕੋਈ ਆਕੜ ਨਹੀਂ ਸੀ। ਰਾਤਾਂ ਨੂੰ ਲੁਕਣ ਮੀਚੀ ਖੇਡਣਾ, ਕਈ ਕਈ ਜਣੇ ਮੁੰਡੇ ਕੁੜੀਆਂ ਕੱਠੇ ਹੀ ਖੇਡੀ ਜਾਣਾ, ਕੋਈ ਏਹੋ ਜਿਹੀ ਗੱਲ ਨਹੀਂ ਵਾਪਰਦੀ ਸੀ। ਭਾਵੇਂ ਸਕੂਲਾਂ, ਕਾਲਜ਼ਾਂ ਚ ਮੁੰਡੇ ਕੁੜੀਆਂ ਇਕ ਦੂਜੇ ਨੂੰ ਬੁਲਾਉਣਾ ਤਾਂ ਦੂਰ ਇਕ ਦੂਜੇ ਵੱਲ ਵੇਖਦੇ ਵੀ ਨਹੀਂ ਸਾਂ। ਜਦੋਂ ਰਿਸ਼ਤੇਦਾਰਾਂ ਨੇ ਆਉਣਾ ਤਾਂ ਚਾਅ ਚੜ੍ਹ ਜਾਣਾ, ਉਹਨਾਂ ਨੇ 5-10 ਰੁਪਏ ਦੇ ਕੇ ਜਾਣਾ ਤਾਂ ਬੜਾ ਮਾਣ ਮਹਿਸੂਸ ਹੋਣਾ। ਅੱਜਕੱਲ੍ਹ ਦੇ ਬੱਚੇ ਤਾਂ ਰਿਸ਼ਤੇਦਾਰਾਂ ਕੋਲ ਜਾਣਾ ਹੀ ਪਸੰਦ ਨਹੀਂ ਕਰਦੇ ਤੇ ਘਰ ਕੋਈ ਰਿਸ਼ਤੇਦਾਰ ਆ ਜਾਵੇ ਤਾਂ ਔਖਾ ਔਖਾ ਮਹਿਸੂਸ ਕਰਦੇ ਹਨ।


ਉਹਨਾਂ ਦਿਨਾਂ ਵਿੱਚ ਹਰ ਘਰ ਵਿੱਚ ਨਲਕਾ ਨਹੀ ਸੀ ਹੁੰਦਾ।ਪਾਣੀ ਲਈ ਗੁਆਂਢੀਆਂ ਦੇ ਘਰ ਡੋਲੂ ਲੈ ਕੇ ਜਾਂਦੇ ਸੀ। ਫਰਿੱਜ਼ ਵੀ ਕਿਸੇ ਕਿਸੇ ਘਰ ਹੁੰਦਾ ਸੀ। ਬਹੁਤੇ ਘਰ ਦੁਪਹਿਰੇ ਤੇ ਸ਼ਾਮੀ ਬਰਫ਼ ਮੁੱਲ ਲਿਆਉਂਦੇ ਸਨ। ਬਰਫ਼ ਵਾਲ਼ਾ ਭਾਈ ਬਰਫ਼ ਸੇਬੇ ਨਾਲ ਬੰਨ ਦਿੰਦਾ ਸੀ ਸੀ ਤੇ ਅੱਧੀ ਬਰਫ਼ ਤਾਂ ਰਸਤੇ ਵਿੱਚ ਹੀ ਖੁਰ ਜਾਂਦੀ ਸੀ। ਪਾਣੀ ਠੰਡਾ ਕਰਕੇ ਬਾਕੀ ਦੀ ਬਰਫ਼ ਬੋਰੀ ਥੱਲੇ ਲੁਕੋ ਕੇ ਰੱਖ ਦਿੰਦੇ ਸੀ। ਭਾਵੇਂ ਸਮੇਂ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਸਾਡੇ ਤੋ ਏਹੋ ਜਿਹੀਆਂ ਚੀਜ਼ਾਂ ਖੋਹ ਵੀ ਲਈਆਂ ਹਨ। ਹੁਣ ਵੀ ਅਸੀਂ ਸਕੂਨ ਨਾਲ ਜੀਅ ਸਕਦੇ ਹਾਂ, ਜਿਵੇਂ ਪਹਿਲਾਂ ਜਿਉਂਦੇ ਸੀ। ਪਰ ਸਮੇਂ ਦੇ ਗੇੜ ਨੇ ਸਾਡੇ ਤੋ ਬਹੁਤ ਕੁੱਝ ਖੋਹ ਲਿਆ। ਹੁਣ ਕੋਠੀਆਂ, ਕਾਰਾਂ, ਏ ਸੀ, ਲੋਨਾਂ ਦੀਆਂ ਕਿਸ਼ਤਾਂ,ਬਿਮਾਰੀਆਂ, ਦਵਾਈਆਂ, ਇੰਟਰਨੈੱਟ, ਵਟਸਐਪ, ਫੇਸਬੁੱਕ, ਸਨੈਪਚੈਟ, ਇੰਸਟਾਗ੍ਰਾਮ, ਕੱਪੜੇ,ਫੈਸ਼ਨ, ਸਟਾਇਲ, ਸ਼ੋਪਿੰਗਾਂ, ਕ੍ਰੈਡਿਟ ਕਾਰਡ, ਕਿੱਟੀ ਪਾਰਟੀਆਂ, ਟਿਉਸ਼ਨਾਂ, ਅਡਮਿਸ਼ਨਾਂ, ਪੁਜੀਸ਼ਨਾਂ, ਪੇਰੈਂਟ ਮੀਟਿੰਗਾਂ, ਪ੍ਰਤੀਯੋਗਤਾਵਾਂ, ਨੀਟ, ਜੇ ਈਆਂ, ਆਈਲੈਟਸ, ਵੀਜ਼ੇ, ਇਮੀਗ੍ਰੇਸ਼ਨਾਂ, ਪੀ. ਆਰ, ਸਾਡੀ ਜ਼ਿੰਦਗੀ ਦੀਆਂ ਵੱਡੀਆਂ ਜ਼ਰੂਰਤਾਂ ਬਣ ਗਈਆਂ ਹਨ। ਅਸੀਂ ਇਹਨਾਂ ਬਿਨ੍ਹਾਂ ਇਕ ਕਦਮ ਵੀ ਨਹੀਂ ਪੁੱਟ ਸਕਦੇ। ਜੇਕਰ ਪੁੱਟ ਬੈਠੇ ਤਾਂ ਅਨਪੜ੍ਹ ਗਵਾਰ ਕਹਾਓਗੇ ਤੇ ਕੋਈ ਨਹੀਂ ਕਹਾਉਣਾ ਚਾਹੇਗਾ ਅਨਪੜ੍ਹ ਗਵਾਰ। ਭਾਵੇਂ ਬਦਲਾਅ ਕੁਦਰਤ ਦਾ ਨਿਯਮ ਹੈ। ਜਦੋਂ ਤੋਂ ਪਰਮਾਤਮਾ ਨੇ ਸ੍ਰਿਸ਼ਟੀ ਸਾਜ਼ੀ ਹੈ। ਕਿੰਨੀਆਂ ਪੀੜ੍ਹੀਆਂ ਲੰਘ ਗਈਆਂ ਹੋਣਗੀਆਂ। ਪਰ ਜ਼ਿੰਦ.ਗੀ ਦੇ ਜੋ ਨਜ਼ਾਰੇ ਇਸ ਪੀੜ੍ਹੀ ਨੇ ਲਏ ਨੇ, ਜੋ ਸੁਨਿਹਰੀ ਦੌਰ ਇਸ ਪੀੜ੍ਹੀ ਨੇ ਵੇਖਿਆ ਹੈ ਉਹ ਕੋਈ ਹੋਰ ਪੀੜ੍ਹੀ ਨਹੀਂ ਵੇਖ ਸਕਦੀ।ਉਹ ਵੀ ਇਕ ਜ਼ਮਾਨਾ ਸੀ ਤੇ ਇਹ ਵੀ ਇਕ ਜ਼ਮਾਨਾ ਹੈ। ਪੁਰਾਣੇ ਦਿਨ ਯਾਦ ਕਰਦੇ ਹਾਂ ਤਾਂ ਇੰਝ ਲੱਗਦਾ ਹੈ ਜਿਵੇਂ ਜਿਵੇਂ ਕੋਈ ਜਾਨ ਹੀ ਕੱਢ ਕੇ ਲੈ ਗਿਆ ਹੋਵੇ। ਹੁਣ ਉਹ ਸਮਾਂ ਵਾਪਿਸ ਨਹੀਂ ਆਉਣਾ ਤੇ ਬੱਸ ਹੁਣ ਇਸ ਤੋਂ ਵੱਧ ਹੋਰ ਵੀ ਲਿਖ ਨਹੀਂ ਹੋਣਾ...



**ਚਰਨਜੀਤ ਸਿੰਘ ਮੁਕਤਸਰ,**
**ਸੈਂਟਰ ਹੈੱਡ ਟੀਚਰ,**
**ਸਰਕਾਰੀ ਪ੍ਰਾਇਮਰੀ ਸਕੂਲ ਝਬੇਲਵਾਲੀ, ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਮੋਬਾਇਲ ਨੰਬਰ 950130716**

# ਪਿਕਨਿਕ ਵਾਲੇ ਛੂਮੰਤਰ- ਰਿਛ ਨੇ ਕੀਤਾ 'ਸੈਲੀਬ੍ਰੇਟ'!

**ਵੈਨਕੂਵਰ, (ਮਲਕੀਤ ਸਿੰਘ)-** 'ਖਾਣ ਪੀਣ ਨੂੰ ਲੂੰਬੜੀ, ਡੰਡੇ ਖਾਣ ਨੂੰ ਰਿੱਛ......!' ਵਾਲੀ ਕਹਾਵਤ ਦਾ ਮਤਲਬ ਬਰਨਬੀ ਚ ਵਾਪਰੀ ਇੱਕ ਘਟਨਾ ਚ ਉਲਟ ਨਿਕਲਦਾ ਨਜ਼ਰੀਆ ਆਇਆਙ ਅਸਲ ਘਟਨਾ ਇਉਂ ਵਾਪਰੀ ਦੱਸੀ ਜਾਂਦੀ ਹੈ ਕਿ ਏਸ਼ੀਅਨ ਮੂਲ ਦਾ ਇੱਕ ਪਰਿਵਾਰ ਪਿਕਨਿਕ ਮਨਾਉਣ ਲਈ ਖਾਣ ਪੀਣ ਦਾ ਸਮਾਨ ਲੈ ਕੇ ਪਹਾੜਾਂ ਨਾਲ ਘਿਰੇ ਬਰਨਬੀ ਦੇ ਇੱਕ ਪਾਰਕ ਚ ਪੁੱਜਾ ਮਿਥੀ ਵਿਉਂਤਬੰਦੀ ਅਨੁਸਾਰ ਉਹਨਾਂ ਵੱਲੋਂ ਪਾਰਕ ਚ ਲੱਗੇ ਟੇਬਲ ਤੇ ਖਾਣ ਪੀਣ ਦਾ ਸਮਾਨ ਟਿਕਾਉਣ ਮਗਰੋਂ ਅਜੇ ਛਕਣ ਛਕਾਉਣ ਦੀ ਤਿਆਰੀ ਹੀ ਕੀਤੀ ਜਾ ਰਹੀ ਸੀ ਕਿ ਇੰਨੇ ਨੂੰ ਪਹਾੜੋਂ ਉਤਰਿਆ ਇੱਕ ਜੰਗਲੀ ਰਿਛ ਪਾਰਕ ਚ ਆਣ ਵੜਿਆ ਅਤੇ ਭੋਜਨ ਦੀ ਮਹਿਕ ਵੱਲ ਆਕਰਸ਼ਿਤ ਹੁੰਦਿਆਂ ਉਹਨਾਂ ਦੀ ਪਿਕਨਿਕ ਟੇਬਲ ਵੱਲ ਵਧਣ ਲੱਗਾਙ ਜਿਸ ਤੋਂ ਭੈਅਭੀਤ ਹੋਇਆ ਉਕਤ ਪਰਿਵਾਰ ਆਪਣਾ ਭੋਜਨ ਉੱਥੇ ਹੀ ਛੱਡ ਕੇ ਉਥੋਂ ਸੁਰੱਖਿਅਤ ਜਗ੍ਹਾ ਵੱਲ ਖਿਸਕ ਗਿਆ ਬਸ ਫਿਰ ਕੀ ਸੀ 'ਅੰਨਾ ਕੀ ਭਾਲੇ ਦੋ ਅੱਖੀਆਂ' ਦੀ ਕਹਾਵਤ ਤੇ ਅਮਲ ਕਰਦਿਆਂ ਰਿਛ ਵੱਲੋਂ ਬੜੇ ਹੀ ਠਰੰਮੇ ਨਾਲ ਉਕਤ ਪਰਿਵਾਰ ਵੱਲੋਂ ਉੱਥੇ ਟੇਬਲ ਤੇ ਰੱਖੇ ਸਵਾਦਲੇ ਭੋਜਨ ਨੂੰ ਛੱਕ ਕੇ ਪਿਕਨਿਕ 'ਸੈਲੀਬਰੇਟ' ਕੀਤੀ ਗਈ ।



ਪਿਕਨਿਕ ਵਾਲਾ ਭੋਜਨ ਛਕਦਾ ਹੋਇਆ ਰਿਛ।

# ਚੜਦੀਕਲਾ ਬਰੱਦਰਹੁੱਡ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਰੀ ਦੀ ਮੇਅਰ ਨਾਲ ਅਹਿਮ ਮੁਦਿਆ ਤੇ ਵਿਚਾਰਾ

**ਵੈਨਕੂਵਰ, (ਮਲਕੀਤ ਸਿੰਘ)-**ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਰੀ ਦੀ ਮੇਅਰ ਬ੍ਰੈਂਡਾ ਲੌਕ ਨਾਲ ਮੁਲਾਕ-ਾਤ ਕੀਤੀ ਗਈ। ਇਸ ਮੁਲਾਕਾਤ ਦੌਰਾਨ ਜਿਥੇ ਮੇਅਰ ਵੱਲੋਂ ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਦੇ ਮੈਂਬਰਾ ਨਾਲ ਜਾਣ ਪਹਿਚਾਣ ਕੀਤੀ ਗਈ ਅਤੇ ਉਨਾਂ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕਾਰਜਾਂ ਬਾਰੇ ਜਾਣਕਾਰੀ ਲਈ ਗਈ ,ਉਥੇ ਐਸੋਸੀਏਸ਼ਨ ਵੱਲੋਂ ਉਠਾਏ ਜਨਤਕ ਮੁੱਦਿਆਂ ਨੂੰ ਵੀ ਗੰਭੀਰਤਾ ਨਾਲ ਸੁਣਿਆ ਗਿਆ। ਐਸੋਸੀਏਸ਼ਨ ਦੇ ਫਾਊਂਡਰ ਡਾਇਰੈਕਟਰ ਡਾ ਜਸਵਿੰਦਰ ਸਿੰਘ ਦਿਲਾਵਰੀ ਵਲੋ ਐਸੋਸੀਏਸ਼ਨ ਦੇ ਕਾਰਜਾਂ ਦੀ ਵਿਸਥਾਰ ਸਹਿਤ ਜਾਣਕਾਰੀ ਸਾਝੀ ਕੀਤੀ ਗਈ ਜਿਨਾਂ ਦੀ ਮੇਅਰ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ। ਡਾ ਦਿਲਾਵਰੀ ਨੇ ਸ਼ਹਿਰ ਵਿੱਚ ਸੜਕ ਸੁਰੱਖਿਆ ਦੇ ਮੁੱਦਿਆਂ ਦਾ ਗੰਭੀਰਤਾ ਨਾਲ ਜਿਕਰ ਕਰਦਿਆਂ ਸ਼ਹਿਰ ਵਿੱਚ ਕੁੱਝ ਰਸਤਿਆਂ ਤੇ ਆਵਾਜਾਈ ਨੂੰ ਨਿਯੰਤਰਣ ਕਰਨ ਵਾਲੀਆਂ ਲਾਈਟਾਂ ਲਗਾਉਣ ਦੀ ਮੰਗ ਕੀਤੀ ਗਈ । ਇਸ ਤੋਂ ਇਲਾਵਾ ਐਸੋਸੀਏਸ਼ਨ ਵੱਲੋਂ ਸ਼ਹਿਰ ਦੇ ਕਿਸੇ ਪਾਰਕ ਜਾਂ ਸੜਕ ਦਾ ਨਾਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਮ ਉਤੇ ਰੱਖਣ ਸਬੰਧੀ ਚਰਚਾ ਕੀਤੀ ਗਈ ਮੀਟਿੰਗ ਦੌਰਾਨ ਮੇਅਰ ਬ੍ਰੈਂਡਾ ਲੌਕ ਨੇ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਕਾਰਜਾਂ ਲਈ ਹਰ ਤਰਾਂ ਦਾ ਸਹਿਯੋਗ ਦੇਣ ਦਾ ਭਰੋਸਾ ਦੁਆਇਆ। ਇਸ ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਬਾਕੀ ਮੈਂਬਰਾਂ ਵਿੱਚ ਬਲਜੀਤ ਸਿੰਘ ਰਾਏ, ਅਵਤਾਰ ਸਿੰਘ ਧਨੋਆ, ਹਰਪ੍ਰੀਤ ਸਿੰਘ ਮਾਨਕਟਲਾ, ਇੰਦਰਜੀਤ ਸਿੰਘ ਲੱਧੜ, ਹਰਵਿੰਦਰ ਸਿੰਘ ਅਤੇ ਦਮਨਦੀਪ ਸਿੰਘ ਹਾਜਰ ਸਨ।



ਮੀਟਿਗ ਦੌਰਾਨ ਮੇਅਰ ਬਰੈਡਾ ਅਤੇ ਹੋਰ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com